# ਅਧਿਆਇ ਦੂਸਰਾ

## ਸੰਤ ਸਿੰਘ ਸੇਖੋਂ, ਕੁਲਵੰਤ ਸਿੰਘ ਵਿਰਕ ਤੇ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਸੰਬੰਧੀ ਹੋਏ ਖੋਜ-ਕਾਰਜ ਦਾ ਅਧਿਐਨ ਤੇ ਮੁਲਾਂਕਣ

ਪੰਜਾਬੀ ਵਿਚ ਸਾਹਿਤ ਅਧਿਐਨ ਸੰਬੰਧੀ ਜਾਗਰੁਕਤਾ ਪਿਛਲੀ ਸਦੀ ਦੇ ਮੁੱਢਲੇ ਦਹਾਕਿਆਂ ਵਿਚ ਆਰੰਭ ਹੋਈ। ਸਾਹਿਤ ਅਧਿਐਨ ਦੇ ਮੁੱਢਲੇ ਯਤਨ ਰਚਨਾਵਾਂ ਦੇ ਇੱਕਤਰੀਕਰਣ 'ਤੇ ਆਧਾਰਿਤ ਸਨ। ਆਪਣੀਆਂ ਸੀਮਾਵਾਂ ਦੇ ਬਾਵਜੂਦ ਇਨ੍ਹਾਂ ਯਤਨਾਂ ਵਿਚ ਸੁਹਿਰਦਤਾ ਤੇ ਆਪਣੇ ਵਿਰਸੇ ਨੂੰ ਸੰਭਾਲਣ ਦੇ ਯਤਨ ਕਾਰਜਸ਼ੀਲ ਸਨ। ਦੂਸਰੇ ਪੜਾਅ 'ਤੇ ਪੰਜਾਬੀ ਵਿਚ ਖੋਜ-ਕਾਰਜ ਆਰੰਭ ਹੋਏ। ਪੰਜਾਬੀ ਸਾਹਿਤ-ਅਧਿਐਨ ਦੇ ਖੇਤਰ ਵਿਚ ਗੰਭੀਰ ਯਤਨ ਉਦੋਂ ਆਰੰਭ ਹੋਏ ਜਦੋਂ ਆਜ਼ਾਦੀ ਤੋਂ ਬਾਅਦ ਪੰਜਾਬੀ ਵਿਚ ਐਮ. ਏ. ਦੀ ਸਿੱਖਿਆ ਸ਼ੁਰੂ ਹੋਈ। ਵਿਦਿਆਰਥੀਆਂ ਦੀਆਂ ਲੋੜਾਂ ਦੀ ਪੂਰਤੀ ਲਈ ਪੰਜਾਬੀ ਵਿਦਵਾਨਾਂ ਨੇ ਇਸ ਪਾਸੇ ਵੱਲ ਧਿਆਨ ਦੇਣਾ ਸ਼ੁਰੂ ਕੀਤਾ ਤੇ ਪੰਜਾਬੀ ਵਿਚ ਅਕਾਰੀ ਤੇ ਮਿਆਰੀ ਖੋਜ-ਕਾਰਜ ਸਾਹਮਣੇ ਆਉਣੇ ਸ਼ੁਰੂ ਹੋਏ। ਉਪਰੋਕਤ ਪ੍ਰਸੰਗ ਵਿਚ ਪੰਜਾਬੀ ਗਲਪ ਨਾਲ ਸੰਬੰਧਿਤ ਖੋਜ-ਕਾਰਜ ਛੇਵੇਂ ਦਹਾਕੇ ਵਿਚ ਹੋਣੇ ਸ਼ੁਰੂ ਹੋਏ। ਇੱਥੇ ਸਾਡਾ ਸਰੋਕਾਰ ਸੰਤ ਸਿੰਘ ਸੇਖੋਂ ਰਚਿਤ ਗਲਪ ਤੇ ਵਿਸ਼ੇਸ਼ ਕਰਕੇ ਉਸਦੀ ਕਹਾਣੀ ਬਾਰੇ ਪ੍ਰਾਪਤ ਖੋਜ-ਕਾਰਜਾਂ ਦਾ ਜਾਇਜ਼ਾ ਲੈਣ ਤੱਕ ਸੀਮਤ ਹੈ।

### ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਸੰਬੰਧੀ ਹੋਏ ਖੋਜ-ਕਾਰਜ ਦਾ ਅਧਿਐਨ ਤੇ ਮੁਲਾਂਕਣ

ਸੰਤ ਸਿੰਘ ਸੇਖੋਂ ਨੇ ਤਕਰੀਬਨ ਹਰ ਵਿਧਾ ਵਿਚ ਸਾਹਿਤਕ ਰਚਨਾ ਕੀਤੀ ਹੈ। ਸੇਖੋਂ ਨੂੰ ਪੰਜਾਬੀ ਦੇ ਉਨ੍ਹਾਂ ਕਹਾਣੀਕਾਰਾਂ ਵਿਚ ਸ਼ੁਮਾਰ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਸਹੀ ਅਰਥਾਂ ਵਿਚ ਪੰਜਾਬੀ ਵਿਚ ਕਹਾਣੀ ਲਿਖਣ ਦੀ ਪਿਰਤ ਪਾਈ। ਪਰ ਬੜੀ ਹੈਰਾਨੀ ਦੀ ਗੱਲ ਹੈ ਕਿ ਮਹੱਤਵਪੂਰਣ ਕਹਾਣੀਕਾਰ

ਹੁੰਦੇ ਹੋਏ ਵੀ ਉਨ੍ਹਾਂ ਦੀਆਂ ਕਹਾਣੀਆਂ ਬਾਰੇ ਪ੍ਰਾਪਤ ਖੋਜ-ਕਾਰਜ ਬਹੁਤ ਹੀ ਥੋੜ੍ਹੀ ਮਾਤਰਾ ਵਿਚ ਮਿਲਦੇ ਹਨ। ਉਨ੍ਹਾਂ ਦੀਆਂ ਕਹਾਣੀਆਂ ਬਾਰੇ ਜੋ ਅਧਿਐਨ ਮਿਲਦਾ ਹੈ ਉਹ ਵਧੇਰੇ ਕਰਕੇ ਲੇਖਾਂ ਜਾਂ ਖੋਜ-ਪੱਤਰਾਂ ਦੇ ਰੂਪ ਵਿਚ ਹੈ। ਸੰਤ ਸਿੰਘ ਸੇਖੋਂ ਰਚਿਤ ਕਹਾਣੀਆਂ ਨਾਲ ਸੰਬੰਧਿਤ ਖੋਜ-ਕਾਰਜ ਦਾ ਵਰਗੀਕਰਣ ਹੇਠ ਲਿਖੇ ਅਨੁਸਾਰ ਕੀਤਾ ਗਿਆ ਹੈ :-

- ਅਕਾਦਮਿਕ ਖੋਜ (ਉਪਾਧੀ ਸਾਪੇਖ ਖੋਜ)
- ਪੁਸਤਕਾਂ ਦੇ ਰੂਪ ਵਿਚ ਹੋਇਆ ਖੋਜ-ਕਾਰਜ
- ਪੁਸਤਕਾਂ ; ਜਿਨ੍ਹਾਂ ਵਿਚ ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਸੰਬੰਧੀ ਲੇਖ ਦਰਜ ਹਨ
- ਪੰਜਾਬੀ ਸਾਹਿਤ ਦੇ ਇਤਹਾਸ ਤੇ ਹੋਰ ਪੁਸਤਕਾਂ ; ਜਿਨ੍ਹਾਂ ਵਿਚ ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਨਾਲ ਸੰਬੰਧਿਤ ਸਮੱਗਰੀ/ਜਾਣਕਾਰੀ ਦਰਜ ਹੈ

ਅਕਾਦਮਿਕ ਖੋਜ (ਉਪਾਧੀ ਸਾਪੇਖ ਖੋਜ)

ਦਲੀਪ ਕੌਰ ਟਿਵਾਣਾ, *ਪੰਜਾਬੀ ਕਹਾਣੀ : ਲੱਛਣ ਤੇ ਪ੍ਰਵਿਰਤੀਆਂ,* 1965 :- ਇਸ ਖੋਜ-ਪ੍ਰਬੰਧ ਵਿਚ ਸਮੁੱਚੀ ਪੰਜਾਬੀ ਕਹਾਣੀ ਦੇ ਲੱਛਣ ਤੇ ਪ੍ਰਵਿਰਤੀਆਂ ਬਾਰੇ ਚਰਚਾ ਕਰਦੇ ਹੋਏ ਪੰਜਾਬੀ ਦੇ ਪੰਜ ਪ੍ਰਮੁੱਖ ਕਹਾਣੀਕਾਰਾਂ ਦੀਆਂ ਰਚਨਾਵਾਂ ਦਾ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ। ਸਮੁੱਚੇ ਖੋਜ-ਪ੍ਰਬੰਧ ਨੂੰ ਛੇ ਅਧਿਆਇ ਵਿਚ ਵੰਡਿਆ ਗਿਆ ਹੈ। ਪਹਿਲਾ ਅਧਿਆਇ ਪੰਜਾਬੀ ਕਹਾਣੀ ਦੇ ਲੱਛਣਾਂ ਤੇ ਪ੍ਰਵਿਰਤੀਆਂ ਬਾਰੇ ਹੈ ਅਤੇ ਅਗਲੇ ਪੰਜ ਅਧਿਆਇ ਵਿਚੋਂ ਇਕ ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਦੇ ਅਧਿਐਨ ਉੱਪਰ ਆਧਾਰਿਤ ਹੈ। ਇਹ ਖੋਜ-ਪ੍ਰਬੰਧ 1965 ਤੱਕ ਦੀ ਪੰਜਾਬੀ ਕਹਾਣੀ ਬਾਰੇ ਚਰਚਾ ਕਰਦਾ ਹੋਣ ਕਰਕੇ ਸੇਖੋਂ ਦੀਆਂ ਸਮੁੱਚੀਆਂ ਕਹਾਣੀਆਂ ਬਾਰੇ ਚਰਚਾ ਨਹੀਂ ਕਰਦਾ, ਕਿਉਂਕਿ ਸੇਖੋਂ ਦੀ ਕਹਾਣੀਆਂ ਦੀ ਅੰਤਿਮ ਪੁਸਤਕ *ਸਿਆਣਪਾਂ* ਇਸ ਖੋਜ-ਕਾਰਜ ਤੋਂ ਬਾਅਦ ਪ੍ਰਕਾਸ਼ਿਤ ਹੋਈ ਹੈ। ਇਸ ਅਧਿਐਨ ਦਾ ਮੁੱਖ ਜ਼ੋਰ ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਦੇ ਹਵਾਲੇ ਨਾਲ ਉਸਦੀ ਪੰਜਾਬੀ ਕਹਾਣੀ ਨੂੰ

ਦੇਣ ਤੇ ਉਸਦਾ ਸਥਾਨ ਨਿਸ਼ਚਿਤ ਕਰਨ ਉੱਪਰ ਹੈ।

ਬਲਦੇਵ ਸਿੰਘ, *ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਵਿਚ ਰਾਜਨੀਤਿਕ ਚੇਤਨਾ,* 1984 :- ਇਸ ਖੋਜ-ਨਿਬੰਧ ਨੂੰ ਸਮੁੱਚੇ ਰੂਪ ਵਿਚ ਤਿੰਨ ਅਧਿਆਇ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਸਾਹਿਤ ਅਤੇ ਰਾਜਨੀਤੀ ਦੇ ਆਪਸੀ ਸੰਬੰਧਾਂ ਬਾਰੇ ਚਰਚਾ ਕੀਤੀ ਗਈ ਹੈ। ਦੂਸਰੇ ਅਧਿਆਇ ਵਿਚ ਸੰਤ ਸਿੰਘ ਸੇਖੋਂ ਦੀ ਰਾਜਨੀਤਿਕ ਵਿਚਾਰਧਾਰਾ ਤੇ ਪ੍ਰਤਿਬੱਧਤਾ ਬਾਰੇ ਜਾਣਕਾਰੀ ਦਿੱਤੀ ਗਈ ਹੈ ਤੇ ਤੀਸਰੇ ਅਧਿਆਇ ਵਿਚ ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਵਿਚੋਂ ਪੇਸ਼ ਰਾਜਨੀਤਿਕ ਚੇਤਨਾ ਨੂੰ ਪੇਸ਼ ਕੀਤਾ ਗਿਆ ਹੈ। ਨਿਸ਼ਕਰਸ਼ ਵਿਚ ਸਮੁੱਚੇ ਖੋਜ-ਨਿਬੰਧ ਦੀਆਂ ਲੱਭਤਾਂ ਨੂੰ ਦਰਜ ਕੀਤਾ ਗਿਆ ਹੈ।

ਰਜਿੰਦਰ ਕੌਰ, *ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਵਿਚ ਕਿਸਾਨੀ ਸੰਸਕ੍ਰਿਤੀ,* 1993 :- ਇਸ ਖੋਜ-ਕਾਰਜ ਵਿਚ ਖੋਜ ਕਰਤਾ ਨੇ ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਦਾ ਅਧਿਐਨ ਕਿਸਾਨੀ ਸਮਾਜ ਤੇ ਸੰਸਕ੍ਰਿਤੀ ਦੀ ਪੇਸ਼ਕਾਰੀ ਦੇ ਨਜ਼ਰੀਏ ਤੋਂ ਕੀਤਾ ਹੈ। ਸਮੁੱਚੇ ਖੋਜ-ਪ੍ਰਬੰਧ ਨੂੰ ਪੰਜ ਅਧਿਆਇ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਕਿਸਾਨੀ ਸੰਸਕ੍ਰਿਤੀ ਬਾਰੇ ਜਾਣਕਾਰੀ ਦਿੱਤੀ ਗਈ ਹੈ, ਦੂਸਰੇ ਅਧਿਆਇ ਵਿਚ ਛੋਟੀ ਕਿਸਾਨੀ ਦੀ ਆਰਥਕਤਾ, ਤੀਸਰੇ ਵਿਚ ਛੋਟੀ ਕਿਸਾਨੀ ਦੀ ਸੰਸਕ੍ਰਿਤੀ ਨੂੰ ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਦੇ ਪ੍ਰਸੰਗ ਵਿਚ ਸਮਝਣ ਦਾ ਯਤਨ ਕੀਤਾ ਗਿਆ ਹੈ, ਚੌਥੇ ਅਧਿਆਇ ਵਿਚ ਕਿਸਾਨੀ ਦੀ ਮਾਨਸਿਕਤਾ ਤੇ ਪੰਜਵੇਂ ਅਧਿਆਇ ਵਿਚ ਪੇਸ਼ਕਾਰੀ ਲਈ ਵਰਤੀਆਂ ਜੁਗਤਾਂ ਬਾਰੇ ਵਿਚਾਰ ਚਰਚਾ ਕੀਤੀ ਗਈ ਹੈ। ਅੰਤਿਮ ਅਧਿਆਇ ਵਿਚ ਸਮੁੱਚੇ ਖੋਜ-ਪ੍ਰਬੰਧ ਦੀਆਂ ਲੱਭਤਾਂ ਨੂੰ ਦਰਜ ਕੀਤਾ ਗਿਆ ਹੈ।

ਮਨਜੀਤ ਕੌਰ, *ਪੰਜਾਬੀ ਕਹਾਣੀ ਵਿਚ ਬਸਤੀਵਾਦੀ ਸਰੋਕਾਰ,* 2001 :- ਇਸ ਖੋਜ-ਪ੍ਰਬੰਧ ਵਿਚ ਉਪਰੋਕਤ ਵਿਸ਼ੇ ਦੇ ਪ੍ਰਸੰਗ ਵਿਚ ਪੰਜਾਬੀ ਦੇ ਛੇ ਕਹਾਣੀਕਾਰਾਂ ਦੀਆਂ ਕਹਾਣੀਆਂ ਨੂੰ ਵਿਸ਼ਲੇਸ਼ਿਤ ਕੀਤਾ ਗਿਆ ਹੈ। ਇਨ੍ਹਾਂ ਵਿਚੋਂ ਇਕ ਕਹਾਣੀਕਾਰ ਸੰਤ ਸਿੰਘ ਸੇਖੋਂ ਹੈ। ਸੰਤ

ਸਿੰਘ ਸੇਖੋਂ ਦੀਆਂ ਕਹਾਣੀਆਂ ਦਾ ਉਪਰੋਕਤ ਵਿਸ਼ੈਗਤ ਨਜ਼ਰੀਏ ਤੋਂ ਵਿਸ਼ਲੇਸ਼ਣ ਕਰਦੇ ਸਮੇਂ ਬਸਤੀਵਾਦੀ ਸਰੋਕਾਰ, ਬਸਤੀਵਾਦੀ ਦੌਰ ਦੀ ਆਰਥਕਤਾ, ਰਾਜਨੀਤੀ ਤੇ ਸਮਾਜਕ ਸਰੋਕਾਰਾਂ ਦਾ ਅਧਿਐਨ ਕਰਨ ਦਾ ਯਤਨ ਕੀਤਾ ਗਿਆ ਹੈ।

ਸੁਰਿੰਦਰ ਕੌਰ, *ਸੰਤ ਸਿੰਘ ਸੇਖੋਂ ਦੀ ਗਲਪ ਚੇਤਨਾ,* 2002 :- ਇਸ ਖੋਜ-ਨਿਬੰਧ ਵਿਚ ਸੰਤ ਸਿੰਘ ਸੇਖੋਂ ਦੀਆਂ ਗਲਪ ਰਚਨਾਵਾਂ ਦਾ ਸਮੁੱਚਾ ਅਧਿਐਨ ਕੀਤਾ ਗਿਆ ਹੈ। ਇਸ ਮੰਤਵ ਲਈ ਸਮੁੱਚੇ ਖੋਜ-ਨਿਬੰਧ ਨੂੰ ਚਾਰ ਅਧਿਆਇ ਵਿਚ ਵੰਡਿਆ ਗਿਆ ਹੈ। ਪਹਿਲੇ ਦੋ ਅਧਿਆਇ ਉਸਦੇ ਨਾਵਲਾਂ ਦੇ ਅਧਿਐਨ ਨਾਲ ਸੰਬੰਧਿਤ ਹਨ। ਸੇਖੋਂ ਦੀਆਂ ਕਹਾਣੀਆਂ ਨਾਲ ਸੰਬੰਧਿਤ ਅਧਿਐਨ ਨੂੰ ਵੀ ਦੋ ਅਧਿਆਇ ਵਿਚ ਵੰਡਿਆ ਗਿਆ ਹੈ। ਇਕ ਅਧਿਆਇ ਵਿਚ ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਵਿਚ ਪੇਸ਼ ਵਸਤੂ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ ਤੇ ਅਗਲੇ ਅਧਿਆਇ ਵਿਚ ਉਸਦੀਆਂ ਕਹਾਣੀਆਂ ਦੀ ਰਚਨਾ ਵਿਧੀ ਤੇ ਜੁਗਤਾਂ ਬਾਰੇ ਚਰਚਾ ਕੀਤੀ ਗਈ ਹੈ।

## ਪੁਸਤਕਾਂ ਦੇ ਰੂਪ ਵਿਚ ਹੋਇਆ ਖੋਜ-ਕਾਰਜ

ਉੱਤਮ ਸਿੰਘ ਭਾਟੀਆ ਤੇ ਪ੍ਰੀਤਮ ਕੌਰ, *ਕਹਾਣੀਕਾਰ ਸੰਤ ਸਿੰਘ ਸੇਖੋਂ,* 1978 :- ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਦੇ ਅਧਿਐਨ ਨਾਲ ਸੰਬੰਧਿਤ ਸਿਰਫ ਇਹ ਇਕ ਹੀ ਪੁਸਤਕ ਮਿਲਦੀ ਹੈ। ਇਸ ਪੁਸਤਕ ਦੇ ਵਧੇਰੇ ਲੇਖਾਂ ਵਿਚ ਲੇਖਕ ਦੀ ਸ਼ਖ਼ਸੀਅਤ ਬਾਰੇ ਚਰਚਾ ਕੀਤੀ ਹੋਣ ਕਰਕੇ ਸਮੁੱਚੀਆਂ ਕਹਾਣੀਆਂ ਬਾਰੇ ਅਧਿਐਨ ਇਸ ਪੁਸਤਕ ਵਿਚ ਨਹੀਂ ਮਿਲਦਾ ਅਤੇ ਇਮਤਿਹਾਨੀ ਲੋੜਾਂ ਨੂੰ ਮੁੱਖ ਰੱਖ ਕੇ ਲਿਖੀ ਹੋਣ ਕਰਕੇ ਅਕਾਦਮਿਕ ਖੇਤਰ ਵਿਚ ਕੋਈ ਬਹੁਤੀ ਚਰਚਾ ਨਹੀਂ ਛੇੜਦੀ।

ਪੁਸਤਕਾਂ ; ਜਿਨ੍ਹਾਂ ਵਿਚ ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਸੰਬੰਧੀ ਲੇਖ ਦਰਜ ਹਨ

ਸਵਿੰਦਰ ਸਿੰਘ ਉੱਪਲ ਦੀਆਂ ਕਹਾਣੀ ਦੇ ਅਧਿਐਨ ਨਾਲ ਸੰਬੰਧਿਤ ਤਿੰਨ ਪੁਸਤਕਾਂ *ਪੰਜਾਬੀ ਕਹਾਣੀਕਾਰ* (1954), *ਪੰਜਾਬੀ ਕਹਾਣੀ : ਸਰੂਪ, ਸਿਧਾਂਤ ਤੇ ਵਿਕਾਸ* (1995) ਤੇ *ਪੰਜਾਬੀ ਕਹਾਣੀਕਾਰ : ਪੁਨਰ ਮੁਲਾਂਕਣ* (1999) ਵਿਚ ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਸੰਬੰਧੀ ਲੇਖ ਮਿਲਦੇ ਹਨ। ਇਨ੍ਹਾਂ ਲੇਖਾਂ ਵਿਚ ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਬਾਰੇ ਚਰਚਾ ਕਰਦੇ ਹੋਏ ਉਸਨੂੰ ਪੱਛਮੀ ਕਹਾਣੀ ਤੋਂ ਪ੍ਰਭਾਵਿਤ ਕਹਾਣੀਕਾਰ, ਚੇਤਨ ਲੇਖਕ, ਜੋ ਕਲਾ ਜਾਂ ਸਾਹਿਤ ਨੂੰ ਸਮਾਜਕ ਸੂਝ ਦੇ ਪਾਸਾਰ ਦਾ ਮਾਧਿਅਮ ਸਮਝਦਾ ਹੈ, ਦੇ ਰੂਪ ਵਿਚ ਦਰਜ ਕੀਤਾ ਗਿਆ ਹੈ।

ਗੁਰਮੁਖ ਸਿੰਘ ਜੀਤ, *ਸਮਕਾਲੀ ਪੰਜਾਬੀ ਕਹਾਣੀ,* 1957 :- ਇਸ ਪੁਸਤਕ ਵਿਚ ਸੰਤ ਸਿੰਘ ਸੇਖੋਂ ਦੀ ਕਹਾਣੀ ਦੇ ਅਧਿਐਨ ਨਾਲ ਸੰਬੰਧਿਤ ਇਕ ਲੇਖ ਸ਼ਾਮਲ ਹੈ। ਇਸ ਲੇਖ ਵਿਚ ਸੰਤ ਸਿੰਘ ਸੇਖੋਂ ਨੂੰ ਪੱਛਮੀ ਕਹਾਣੀ ਦੀ ਤਕਨੀਕ ਤੋਂ ਪ੍ਰਭਾਵ ਗ੍ਰਹਿਣ ਕਰਨ ਵਾਲੇ ਕਹਾਣੀਕਾਰ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਜਿਸਨੇ ਚੇਤੰਨ ਹੋ ਕੇ ਕਹਾਣੀ ਦੇ ਮਾਧਿਅਮ ਰਾਹੀਂ ਸਾਧਾਰਣ ਲੋਕਾਂ ਨੂੰ ਚੇਤੰਨ ਕਰਨ ਦਾ ਯਤਨ ਕੀਤਾ।

ਪਿਆਰਾ ਸਿੰਘ ਭੋਗਲ, *ਪ੍ਰਸਿੱਧ ਕਹਾਣੀਕਾਰ,* 1971 :- ਇਸ ਪੁਸਤਕ ਵਿਚ ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰਾਂ ਬਾਰੇ ਚਰਚਾ ਕਰਨ ਲਈ ਪੰਜ ਕਹਾਣੀਕਾਰਾਂ ਨੂੰ ਚੁਣਿਆ ਗਿਆ ਹੈ। ਪੁਸਤਕ ਨੂੰ ਛੇ ਅਧਿਆਇ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਪੰਜਾਬੀ ਕਹਾਣੀ ਦੇ ਜਨਮ ਤੇ ਵਿਕਾਸ ਬਾਰੇ ਚਰਚਾ ਕੀਤੀ ਗਈ ਹੈ। ਅਗਲੇ ਪੰਜ ਅਧਿਆਇ ਪੰਜ ਕਹਾਣੀਕਾਰਾਂ ਨਾਲ ਸੰਬੰਧਿਤ ਅਧਿਐਨ ਉੱਤੇ ਆਧਾਰਿਤ ਹਨ। ਸੰਤ ਸਿੰਘ ਸੇਖੋਂ ਨਾਲ ਸੰਬੰਧਿਤ ਅਧਿਆਇ ਵਿਚ ਉਸਦੀਆਂ ਕਹਾਣੀਆਂ ਵਿਚ ਪੇਸ਼ ਪੇਂਡੂ ਜੀਵਨ, ਸਮਾਜਕ ਤੇ ਰਾਜਨੀਤਿਕ ਸਰੋਕਾਰਾਂ ਤੇ ਕਹਾਣੀਆਂ ਦੇ ਕਲਾਤਮਕ ਪੱਖ ਬਾਰੇ ਅਧਿਐਨ ਕੀਤਾ ਗਿਆ ਹੈ।

ਬਿਕਰਮ ਸਿੰਘ ਘੁੰਮਣ (ਸੰਪ.), *ਸੰਤ ਸਿੰਘ ਸੇਖੋਂ : ਰਚਨਾ ਸੰਸਾਰ,* 1998 :- ਇਹ ਪੁਸਤਕ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੁਆਰਾ ਸੰਤ ਸਿੰਘ ਸੇਖੋਂ ਦੀ ਪੰਜਾਬੀ ਸਾਹਿਤ ਨੂੰ

ਦੇਣ ਬਾਰੇ ਕਰਵਾਏ ਗਏ ਸੈਮੀਨਾਰ ਦਾ ਪ੍ਰਕਾਸ਼ਿਤ ਰੂਪ ਹੈ। ਇਸ ਪੁਸਤਕ ਵਿਚ ਸੇਖੋਂ ਦੀ ਵਿਭਿੰਨ ਖੇਤਰਾਂ ਬਾਰੇ ਦੇਣ ਬਾਰੇ ਅਧਿਐਨ ਕੀਤਾ ਗਿਆ ਹੈ। ਸੇਖੋਂ ਦੀ ਕਹਾਣੀ ਦੇ ਅਧਿਐਨ ਬਾਰੇ ਡਾ. ਧਨਵੰਤ ਕੌਰ ਦਾ ਲੇਖ 'ਸੰਤ ਸਿੰਘ ਸੇਖੋਂ ਦਾ ਬਿਰਤਾਂਤਕ ਮਾਡਲ' ਅਤੇ ਡਾ. ਜੀਤ ਸਿੰਘ ਜੋਸ਼ੀ ਦਾ ਲੇਖ 'ਆਧੁਨਿਕ ਪੰਜਾਬੀ ਕਹਾਣੀ ਦੇ ਖੇਤਰ ਵਿਚ ਸੇਖੋਂ ਦਾ ਯੋਗਦਾਨ' ਸ਼ਾਮਲ ਹਨ। ਇਨ੍ਹਾਂ ਦੋ ਲੇਖਾਂ ਵਿਚ ਸੇਖੋਂ ਦੀਆਂ ਕਹਾਣੀਆਂ ਵਿਚ ਪੇਸ਼ ਸਮਾਜਕ ਸਰੋਕਾਰ, ਪੰਜਾਬੀ ਕਹਾਣੀ ਨੂੰ ਸੰਤ ਸਿੰਘ ਸੇਖੋਂ ਦੀ ਦੇਣ ਤੇ ਉਸਦੀਆਂ ਕਲਾਤਮਕ ਜੁਗਤਾਂ ਬਾਰੇ ਅਧਿਐਨ ਕੀਤਾ ਗਿਆ ਹੈ।

ਧਨਵੰਤ ਕੌਰ, *ਪੰਜਾਬੀ ਕਹਾਣੀ ਸ਼ਾਸਤਰ,* 2003 :- ਇਸ ਪੁਸਤਕ ਵਿਚ ਸਮੁੱਚੀ ਪੰਜਾਬੀ ਕਹਾਣੀ ਬਾਰੇ ਅਧਿਐਨ ਪੇਸ਼ ਕੀਤਾ ਗਿਆ ਹੈ। ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਦੇ ਅਧਿਐਨ ਨਾਲ ਸੰਬੰਧਿਤ ਇਕ ਲੇਖ ਇਸ ਪੁਸਤਕ ਵਿਚ ਦਰਜ ਹੈ। ਇਸ ਲੇਖ ਵਿਚ ਸੰਤ ਸਿੰਘ ਸੇਖੋਂ ਦੀ ਵਿਚਾਰਧਾਰਾਈ ਪ੍ਰਤਿਬੱਧਤਾ ਦੇ ਪ੍ਰਸੰਗ ਵਿਚ ਉਸਨੂੰ ਸਮਾਜ ਦੀਆਂ ਦੱਬੀਆਂ-ਕੁਚਲੀਆਂ ਧਿਰਾਂ ਦੇ ਕਹਾਣੀਕਾਰ ਵਜੋਂ ਪੇਸ਼ ਕੀਤਾ ਗਿਆ ਹੈ।

ਬ੍ਰਹਮਜਗਦੀਸ਼ ਸਿੰਘ, *ਸੰਤ ਸਿੰਘ ਸੇਖੋਂ : ਜੀਵਨ ਤੇ ਰਚਨਾ,* 2011 :- ਇਸ ਪੁਸਤਕ ਵਿਚ ਸੰਤ ਸਿੰਘ ਸੇਖੋਂ ਦੀ ਸਾਹਿਤਕ ਦੇਣ ਨੂੰ ਅੱਠ ਅਧਿਆਇ ਵਿਚ ਵੰਡ ਕੇ ਪੇਸ਼ ਕੀਤਾ ਗਿਆ ਹੈ। ਸੇਖੋਂ ਦੀਆਂ ਕਹਾਣੀ ਬਾਰੇ ਸਿਰਫ਼ ਇਕ ਲੇਖ ਇਸ ਪੁਸਤਕ ਵਿਚ ਸ਼ਾਮਲ ਹੈ। ਇਸ ਲੇਖ ਵਿਚ ਕਹਾਣੀਆਂ ਨਾਲ ਸੰਬੰਧਿਤ ਅਧਿਐਨ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਹਿੱਸੇ ਵਿਚ ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਵਿਚ ਪੇਸ਼ ਆਰਥਕ, ਸਮਾਜਕ ਤੇ ਰਾਜਨੀਤਿਕ ਸਰੋਕਾਰਾਂ ਬਾਰੇ ਚਰਚਾ ਕੀਤੀ ਗਈ ਹੈ। ਦੂਸਰੇ ਹਿੱਸੇ ਵਿਚ ਸੇਖੋਂ ਦੀਆਂ ਕਹਾਣੀਆਂ ਵਿਚਲੀਆਂ ਬਿਰਤਾਂਤ ਜੁਗਤਾਂ ਬਾਰੇ ਅਧਿਐਨ ਕੀਤਾ ਗਿਆ ਹੈ।

ਪੰਜਾਬੀ ਸਾਹਿਤ ਦੇ ਇਤਿਹਾਸ ਤੇ ਹੋਰ ਪੁਸਤਕਾਂ ; ਜਿਨ੍ਹਾਂ ਵਿਚ ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਨਾਲ ਸੰਬੰਧਿਤ ਸਮੱਗਰੀ/ਜਾਣਕਾਰੀ ਦਰਜ ਹੈ

ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਸੰਬੰਧੀ ਪ੍ਰਾਪਤ ਆਲੋਚਨਾ ਦਾ ਇਕ ਪੱਖ ਉਨ੍ਹਾਂ ਪੁਸਤਕਾਂ ਵਿਚ ਉਪਲਬਧ ਹੈ ਜਿਨ੍ਹਾਂ ਵਿਚ ਸੰਤ ਸਿੰਘ ਸੇਖੋਂ ਦੀ ਪੰਜਾਬੀ ਕਹਾਣੀ ਨੂੰ ਦੇਣ ਤੇ ਉਸਦਾ ਪੰਜਾਬੀ ਕਹਾਣੀ ਵਿਚ ਸਥਾਨ ਨਿਸ਼ਚਿਤ ਕਰਨ ਦਾ ਯਤਨ ਕੀਤਾ ਗਿਆ ਹੈ। ਇਨ੍ਹਾਂ ਵਿਚ ਪੰਜਾਬੀ ਸਾਹਿਤ ਦੇ ਇਤਿਹਾਸ ਵੀ ਸ਼ਾਮਲ ਹਨ। ਭਾਸ਼ਾ ਵਿਭਾਗ, ਪੰਜਾਬ ਦੁਆਰਾ ਸੰਪਾਦਿਤ *ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਦੂਜਾ)* (1963) ਵਿਚ ਡਾ. ਅਤਰ ਸਿੰਘ ਦੁਆਰਾ ਸੇਖੋਂ ਨੂੰ ਪੇਂਡੂ ਜੀਵਨ ਦਾ ਚਿਤਰਣ ਕਰਨ ਵਾਲੇ ਕਹਾਣੀਕਾਰ ਦੇ ਰੂਪ ਵਿਚ ਸਥਾਪਤ ਕਰਨ ਦਾ ਯਤਨ ਕੀਤਾ ਗਿਆ ਹੈ। ਜੀਤ ਸਿੰਘ ਸੀਤਲ ਲਿਖਿਤ *ਆਧੁਨਿਕ ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ* (1979), ਕਿਰਪਾਲ ਸਿੰਘ ਤੇ ਡਾ. ਪਰਮਿੰਦਰ ਸਿੰਘ ਦੁਆਰਾ ਲਿਖਿਤ *ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ* (1982), ਬਲਬੀਰ ਸਿੰਘ ਦਿਲ ਦੀ ਪੁਸਤਕ *ਪੰਜਾਬੀ ਕਹਾਣੀ ਦਾ ਵਿਕਾਸ* (1952), ਡਾ. ਬਲਦੇਵ ਸਿੰਘ ਧਾਲੀਵਾਲ ਰਚਿਤ *ਆਧੁਨਿਕ ਪੰਜਾਬੀ ਕਹਾਣੀ : ਦ੍ਰਿਸ਼ਟੀ ਮੂਲਕ ਪਰਿਪੇਖ* (1999), *ਪੰਜਾਬੀ ਕਹਾਣੀ ਦੀ ਇਕ ਸਦੀ : ਇਤਿਹਾਸ ਮੂਲਕ ਪ੍ਰਵਚਨ* (2002) ਅਤੇ *ਪੰਜਾਬੀ ਕਹਾਣੀ ਦਾ ਇਤਿਹਾਸ* (2006) ਪੁਸਤਕਾਂ ਵਿਚ ਪੰਜਾਬੀ ਕਹਾਣੀ ਦਾ ਸਮੁੱਚਾ ਅਧਿਐਨ ਪ੍ਰਸਤੁਤ ਕਰਦੇ ਹੋਏ ਸੰਤ ਸਿੰਘ ਸੇਖੋਂ ਦਾ ਪੰਜਾਬੀ ਕਹਾਣੀ ਵਿਚ ਸਥਾਨ ਤੇ ਉਸਦੀ ਦੇਣ ਤੇ ਵਿਲੱਖਣਤਾ ਨੂੰ ਸਥਾਪਿਤ ਕਰਨ ਦਾ ਯਤਨ ਕੀਤਾ ਗਿਆ ਹੈ।

ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਸੰਬੰਧੀ ਹੋਏ ਖੋਜ-ਕਾਰਜ ਦਾ ਅਧਿਐਨ ਤੇ ਮੁਲਾਂਕਣ

ਕੁਲਵੰਤ ਸਿੰਘ ਵਿਰਕ ਦਾ ਪੰਜਾਬੀ ਕਹਾਣੀ ਵਿਚ ਵਿਸ਼ੇਸ਼ ਸਥਾਨ ਹੈ। ਉਸਨੂੰ ਪੰਜਾਬੀ ਕਹਾਣੀ ਵਿਚ ਮਾਨਵਵਾਦੀ ਲੇਖਕ ਦੇ ਤੌਰ ’ਤੇ ਜਾਣਿਆ ਜਾਂਦਾ ਹੈ। ਉਸਦੀਆਂ ਕਹਾਣੀਆਂ ਨੇ

ਪੰਜਾਬੀ ਪਾਠਕਾਂ ਤੇ ਵਿਦਵਾਨਾਂ ਦਾ ਬਰਾਬਰ ਧਿਆਨ ਖਿੱਚਿਆ ਹੈ। ਉਸ ਦੀਆਂ ਕਹਾਣੀਆਂ ਬਾਰੇ ਮਿਆਰ ਤੇ ਮਾਤਰਾ ਦੋਹਾਂ ਪੱਖਾਂ ਤੋਂ ਜ਼ਿਕਰਯੋਗ ਕੰਮ ਹੋਇਆ ਹੈ। ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਸੰਬੰਧੀ ਪ੍ਰਾਪਤ ਅਧਿਐਨ ਦੇ ਵਰਗੀਕਰਣ ਹੇਠ ਲਿਖੇ ਮੁਤਾਬਿਕ ਕੀਤਾ ਗਿਆ ਹੈ :-

- ਅਕਾਦਮਿਕ ਖੋਜ (ਉਪਾਧੀ ਸਾਪੇਖ ਖੋਜ)
- ਪੁਸਤਕਾਂ ਦੇ ਰੂਪ ਵਿਚ ਹੋਇਆ ਖੋਜ-ਕਾਰਜ
- ਪੁਸਤਕਾਂ ; ਜਿਨ੍ਹਾਂ ਵਿਚ ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਸੰਬੰਧੀ ਲੇਖ ਦਰਜ ਹਨ
- ਪੰਜਾਬੀ ਸਾਹਿਤ ਦੇ ਇਤਹਾਸ ਤੇ ਹੋਰ ਪੁਸਤਕਾਂ ; ਜਿਨ੍ਹਾਂ ਵਿਚ ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਨਾਲ ਸੰਬੰਧਿਤ ਸਮੱਗਰੀ/ਜਾਣਕਾਰੀ ਦਰਜ ਹੈ

### ਅਕਾਦਮਿਕ ਖੋਜ (ਉਪਾਧੀ ਸਾਪੇਖ ਖੋਜ)

ਮਹਿੰਦਰ ਸਿੰਘ, *ਕੁਲਵੰਤ ਸਿੰਘ ਵਿਰਕ ਦੀ ਕਹਾਣੀ ਕਲਾ,* 1967-68 :- ਇਸ ਖੋਜ-ਨਿਬੰਧ ਵਿਚ ਵਿਰਕ ਦੀਆਂ ਕਹਾਣੀਆਂ ਦੇ ਕਲਾ-ਪੱਖ ਬਾਰੇ ਅਧਿਐਨ ਕੀਤਾ ਗਿਆ ਹੈ। ਆਪਣੇ ਮਕਸਦ ਦੀ ਪੂਰਤੀ ਲਈ ਸਮੁੱਚੇ ਖੋਜ-ਨਿਬੰਧ ਨੂੰ ਅੱਠ ਅਧਿਆਇ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਪੂਰਵ-ਵਿਰਕ ਕਹਾਣੀ ਦੇ ਕਲਾਤਮਕ ਪੱਖਾਂ ਬਾਰੇ ਚਰਚਾ ਕੀਤੀ ਗਈ ਹੈ। ਦੂਸਰੇ ਅਧਿਆਇ ਵਿਚ ਵਿਰਕ ਦੇ ਜੀਵਨ ਸਮਾਚਾਰਾਂ ਤੇ ਰਚਨਾਵਾਂ ਨੂੰ ਦਰਜ ਕੀਤਾ ਗਿਆ ਹੈ। ਤੀਸਰੇ ਅਧਿਆਇ ਵਿਚ ਵਿਰਕ ਦੀਆਂ ਕਹਾਣੀਆਂ ਦੇ ਵਿਸ਼ੇ, ਚੌਥੇ ਅਧਿਆਇ ਵਿਚ ਮਨੋਵਿਗਿਆਨਕ ਸੂਝ, ਪੰਜਵੇਂ ਅਧਿਆਇ ਵਿਚ ਮਾਨਵਵਾਦ, ਛੇਵੇਂ ਅਧਿਆਇ ਵਿਚ ਵਿਰਕ ਦੀ ਕਹਾਣੀ ਕਲਾ, ਸੱਤਵੇਂ ਅਧਿਆਇ ਵਿਚ ਵਿਰਕ ਉੱਪਰ ਹੋਰਨਾਂ ਲੇਖਕਾਂ ਦਾ ਪ੍ਰਭਾਵ ਤੇ ਅੱਠਵੇਂ ਅਧਿਆਇ ਵਿਚ ਵਿਰਕ ਦਾ ਪੰਜਾਬੀ ਕਹਾਣੀ ਵਿਚ ਸਥਾਨ ਨਿਸ਼ਚਿਤ ਕੀਤਾ ਗਿਆ ਹੈ।

ਅਜੀਤ ਸਿੰਘ, *ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਵਿਚ ਮਾਨਵ ਦਾ ਸੰਕਲਪ,* 1979-80 :- ਇਸ ਖੋਜ-ਨਿਬੰਧ ਵਿਚ ਵਿਰਕ ਦੀਆਂ ਕਹਾਣੀਆਂ ਵਿਚ ਪੇਸ਼ ਮਾਨਵਤਾ ਦੇ ਸੰਕਲਪ ਨੂੰ ਅਧਿਐਨ ਦਾ ਆਧਾਰ ਬਣਾਇਆ ਗਿਆ ਹੈ। ਖੋਜ-ਕਰਤਾ ਨੇ ਸਮੁੱਚੇ ਖੋਜ-ਨਿਬੰਧ ਨੂੰ ਪੰਜ ਅਧਿਆਇ ਵਿਚ ਵੰਡਿਆ ਹੈ। ਪਹਿਲੇ ਅਧਿਆਇ ਵਿਚ ਕਹਾਣੀ ਤੇ ਇਸ ਵਿਚ ਪੇਸ਼ ਮਾਨਵ ਦੇ ਸੰਕਲਪ ਬਾਰੇ ਚਰਚਾ ਕੀਤੀ ਗਈ ਹੈ। ਦੂਸਰੇ ਅਧਿਆਇ ਵਿਚ ਵਿਰਕ ਦੀਆਂ ਕਹਾਣੀਆਂ ਵਿਚ ਬਦਲ ਰਹੇ ਸਮਾਜਕ ਰਿਸ਼ਤਿਆਂ ਦੇ ਪ੍ਰਸੰਗ ਵਿਚ ਮਾਨਵਵਾਦ ਬਾਰੇ ਚਰਚਾ ਕੀਤੀ ਗਈ ਹੈ। ਤੀਸਰੇ ਅਧਿਆਇ ਵਿਚ ਮਰਦ-ਔਰਤਾਂ ਦੇ ਸੰਬੰਧਾਂ ਨੂੰ ਆਧਾਰ ਬਣਾਇਆ ਗਿਆ ਹੈ। ਚੌਥੇ ਅਧਿਆਇ ਵਿਚ ਆਧੁਨਿਕ ਯੁੱਗ ਦੇ ਸਾਧਾਰਣ ਮਨੁੱਖ ਵਿਚਲੀ ਅ-ਸਾਧਾਰਣਤਾ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਪੰਜਵੇਂ ਅਧਿਆਇ ਵਿਚ ਵਿਰਕ ਦੀਆਂ ਕਹਾਣੀ ਵਿਚ ਸਮੁੱਚੇ ਰੂਪ ਵਿਚ ਪੇਸ਼ ਮਾਨਵ ਦੇ ਸੰਕਲਪ ਤੇ ਪੰਜਾਬੀ ਕਹਾਣੀ ਵਿਚ ਇਸਦੀ ਪੇਸ਼ਕਾਰੀ ਬਾਰੇ ਚਰਚਾ ਕੀਤੀ ਗਈ ਹੈ।

ਰਵੀਪ੍ਰੀਤ ਉੱਪਲ, *ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਦੇ ਇਸਤਰੀ ਪਾਤਰ,* 1982-83 :- ਇਸ ਖੋਜ-ਨਿਬੰਧ ਵਿਚ ਵਿਰਕ ਦੀਆਂ ਕਹਾਣੀਆਂ ਵਿਚ ਪੇਸ਼ ਇਸਤਰੀ ਪਾਤਰਾਂ ਨੂੰ ਅਧਿਐਨ ਦਾ ਆਧਾਰ ਬਣਾਇਆ ਗਿਆ ਹੈ। ਆਪਣੇ ਮਕਸਦ ਲਈ ਸਮੁੱਚੇ ਖੋਜ-ਨਿਬੰਧ ਨੂੰ ਚਾਰ ਅਧਿਆਇ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਪੂਰਵ ਵਿਰਕ ਪੰਜਾਬੀ ਕਹਾਣੀ ਵਿਚ ਇਸਤਰੀ ਦੇ ਚਿਤਰਣ ਬਾਰੇ ਚਰਚਾ ਕੀਤੀ ਗਈ ਹੈ, ਦੂਸਰੇ ਅਧਿਆਇ ਵਿਚ ਵਿਰਕ ਦੀਆਂ ਕਹਾਣੀਆਂ ਵਿਚਲੇ ਇਸਤਰੀ ਪਾਤਰ, ਤੀਸਰੇ ਅਧਿਆਇ ਵਿਚ ਵਿਰਕ ਦੇ ਮਾਨਵਵਾਦ ਦੇ ਪ੍ਰਸੰਗ ਵਿਚ ਇਸਤਰੀ ਤੇ ਅੰਤਿਮ ਅਧਿਆਇ ਵਿਚ ਵਿਰਕ ਦੀਆਂ ਕਹਾਣੀਆਂ ਵਿਚੋਂ ਉਭਰਦੇ ਔਰਤ ਪ੍ਰਤਿ ਦ੍ਰਿਸ਼ਟੀਕੋਣ ਦੀ ਚਰਚਾ ਕੀਤੀ ਗਈ ਹੈ।

ਹਰਬਿੰਦਰ ਸਿੰਘ, *ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਵਿਚ ਪੇਂਡੂ ਸਭਿਆਚਾਰ,* 1983 :- ਇਹ ਖੋਜ-ਨਿਬੰਧ ਵਿਰਕ ਦੀਆਂ ਕਹਾਣੀਆਂ ਵਿਚ ਪੇਸ਼ ਪੇਂਡੂ ਸਭਿਆਚਾਰ ਦੇ ਅਧਿਐਨ

ਉੱਪਰ ਆਧਾਰਿਤ ਹੈ। ਖੋਜ-ਕਰਤਾ ਨੇ ਆਪਣੇ ਇਸ ਖੋਜ-ਨਿਬੰਧ ਨੂੰ ਚਾਰ ਅਧਿਆਇ ਵਿਚ ਵੰਡਿਆ ਹੈ। ਪਹਿਲੇ ਅਧਿਆਇ ਵਿਚ ਸਭਿਆਚਾਰ ਦੇ ਸਿਧਾਂਤਕ ਪੱਖਾਂ ਬਾਰੇ ਚਰਚਾ ਕੀਤੀ ਗਈ ਹੈ। ਦੂਸਰੇ ਅਧਿਆਇ ਵਿਚ ਪਰਿਵਾਰਕ ਰਿਸ਼ਤਿਆਂ ਤੇ ਇਨ੍ਹਾਂ ਨੂੰ ਪ੍ਰਭਾਵਿਤ ਕਰ ਸਕਣ ਵਾਲੇ ਤੱਤਾਂ ਬਾਰੇ ਚਰਚਾ ਕੀਤੀ ਗਈ ਹੈ। ਤੀਸਰੇ ਅਧਿਆਇ ਵਿਚ ਸਮਾਜਕ ਰਿਸ਼ਤਿਆਂ ਬਾਰੇ ਅਧਿਐਨ ਕੀਤਾ ਗਿਆ ਹੈ। ਚੌਥੇ ਅਧਿਆਇ ਵਿਚ ਰਿਸ਼ਤਿਆਂ ਨੂੰ ਪ੍ਰਭਾਵਿਤ ਕਰਨ ਵਾਲੇ ਆਰਥਿਕ ਸੰਬੰਧਾਂ ਨੂੰ ਪੇਸ਼ ਕੀਤਾ ਗਿਆ ਹੈ।

ਰਾਜਿੰਦਰਪਾਲ ਕੌਰ, *ਕੁਲਵੰਤ ਸਿੰਘ ਵਿਰਕ ਅਤੇ ਤੁਰਗਨੇਵ ਦੀਆਂ ਕਹਾਣੀਆਂ ਦਾ ਤੁਲਨਾਤਮਕ ਅਧਿਐਨ,* 1992 :- ਇਹ ਖੋਜ-ਨਿਬੰਧ ਵਿਰਕ ਅਤੇ ਤੁਰਗਨੇਵ ਦੀਆਂ ਕਹਾਣੀਆਂ ਦੇ ਤੁਲਨਾਤਮਕ ਅਧਿਐਨ ਉੱਪਰ ਆਧਾਰਿਤ ਹੈ। ਇਸ ਖੋਜ-ਨਿਬੰਧ ਨੂੰ ਚਾਰ ਅਧਿਆਇ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਦੋਹਾਂ ਲੇਖਕਾਂ ਦੇ ਜੀਵਨ-ਸਮਾਚਾਰਾਂ, ਰਚਨਾਵਾਂ ਵਿਚਲੀਆਂ ਸਮਾਨਤਾਵਾਂ ਤੇ ਭਿੰਨਤਾਵਾਂ ਨੂੰ ਪੇਸ਼ ਕੀਤਾ ਗਿਆ ਹੈ। ਦੂਸਰੇ ਅਧਿਆਇ ਵਿਚ ਇਸੇ ਹੀ ਪ੍ਰਸੰਗ ਵਿਚ ਦੋਹਾਂ ਦੇ ਸਭਿਆਚਾਰਕ ਪਰਿਪੇਖ ਬਾਰੇ ਚਰਚਾ ਕੀਤੀ ਗਈ ਹੈ। ਤੀਸਰੇ ਅਧਿਆਇ ਵਿਚ ਦੋਹਾਂ ਦੀਆਂ ਕਹਾਣੀਆਂ ਦੇ ਵਿਸ਼ਿਆਂ ਅਤੇ ਚੌਥੇ ਅਧਿਆਇ ਵਿਚ ਉਨ੍ਹਾਂ ਦੀਆਂ ਕਹਾਣੀਆਂ ਦੇ ਕਲਾਤਮਕ ਪੱਖ ਵਿਚਲੀਆਂ ਸਮਾਨਤਾਵਾਂ ਤੇ ਵੱਖਰਤਾਵਾਂ ਬਾਰੇ ਅਧਿਐਨ ਕੀਤਾ ਗਿਆ ਹੈ।

ਰੁਪਿੰਦਰ ਕੌਰ, *ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਦਾ ਸੰਰਚਨਾਤਮਕ ਅਧਿਐਨ,* 2002 :- ਇਸ ਖੋਜ-ਪ੍ਰਬੰਧ ਨੂੰ ਪੰਜ ਅਧਿਆਇ ਵਿਚ ਵੰਡਿਆ ਗਿਆ ਹੈ। ਪਹਿਲਾ ਅਧਿਆਇ ਸਰੰਚਨਾਵਾਦ ਬਾਰੇ ਹੈ। ਦੂਸਰੇ ਅਧਿਆਇ ਵਿਚ ਪੰਜਾਬੀ ਲੋਕ ਕਹਾਣੀ ਬਾਰੇ ਦੱਸਦੇ ਹੋਏ ਸਰੰਚਨਾਤਮਕ ਦ੍ਰਿਸ਼ਟੀ ਤੋਂ ਸਰਵੇਖਣ ਕੀਤਾ ਗਿਆ ਹੈ। ਤੀਸਰੇ ਅਧਿਆਇ ਵਿਚ ਸਰੰਚਨਾਤਮਕ ਅਧਿਐਨ ਵਿਧੀ ਅਤੇ ਹੋਰ ਅਧਿਐਨ ਪ੍ਰਣਾਲੀਆਂ ਦੀ ਤੁਲਨਾ ਕੀਤੀ ਗਈ ਹੈ। ਅਗਲੇ ਅਧਿਆਇ ਵਿਚ ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਦਾ ਸਰੰਚਨਾਤਮਕ ਅਧਿਐਨ, ਸਰੰਚਨਾਤਮਕ

ਅਧਿਐਨ ਵਿਧੀ ਦੇ ਦ੍ਰਿਸ਼ਟੀਕੋਣ ਅਤੇ ਵਿਰਕ ਦੀਆਂ ਕਹਾਣੀਆਂ ਦੇ ਪਛਾਣ ਚਿੰਨ੍ਹ ਬਾਰੇ ਚਰਚਾ ਕੀਤੀ ਗਈ ਹੈ। ਇਸ ਅਧਿਐਨ ਵਿਚ ਸਰੰਚਨਾਤਮਕ ਅਧਿਐਨ ਵਿਧੀ ਦੇ ਆਧਾਰ 'ਤੇ ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਦਾ ਅਧਿਐਨ ਕੀਤਾ ਗਿਆ ਹੈ।

ਪੁਸਤਕਾਂ ਦੇ ਰੂਪ ਵਿਚ ਹੋਇਆ ਖੋਜ-ਕਾਰਜ

ਟੀ. ਆਰ. ਵਿਨੋਦ, *ਕੁਲਵੰਤ ਸਿੰਘ ਵਿਰਕ,* 1966 :- ਇਸ ਪੁਸਤਕ ਦਾ ਮੁਖਬੰਦ ਸੰਤ ਸਿੰਘ ਸੇਖੋਂ ਦੁਆਰਾ ਲਿਖਿਆ ਗਿਆ ਹੈ। ਇਸ ਪੁਸਤਕ ਵਿਚ ਵਿਰਕ ਦੀਆਂ ਕਹਾਣੀਆਂ ਨਾਲ ਸੰਬੰਧਿਤ ਅਧਿਐਨ ਨੂੰ ਚਾਰ ਅਧਿਆਇ ਵਿਚ ਵੰਡਿਆ ਗਿਆ ਹੈ। ਇਨ੍ਹਾਂ ਵਿਚ ਵਿਰਕ ਦੀ ਕਹਾਣੀ ਦੀ ਵਿਲੱਖਣਤਾ, ਵਿਰਕ ਦੀਆਂ ਕਹਾਣੀਆਂ ਦੇ ਵਿਸ਼ੇ, ਦੂਸਰੇ ਕਹਾਣੀਕਾਰਾਂ ਨਾਲੋਂ ਵਿਲੱਖਣਤਾ ਤੇ ਪੰਜਾਬੀ ਕਹਾਣੀ ਵਿਚ ਵਿਰਕ ਦੇ ਸਥਾਨ ਬਾਰੇ ਅਧਿਐਨ ਕੀਤਾ ਗਿਆ ਹੈ।

ਰਣਧੀਰ ਸਿੰਘ ਚੰਦ ਤੇ ਬਿਕਰਮ ਸਿੰਘ ਘੁੰਮਣ, *ਕਹਾਣੀਕਾਰ ਕੁਲਵੰਤ ਸਿੰਘ ਵਿਰਕ,* 1972 :- ਇਸ ਪੁਸਤਕ ਵਿਚ ਵਿਰਕ ਦੀਆਂ ਕਹਾਣੀਆਂ ਦਾ ਸਰਵ-ਪੱਖੀ ਅਧਿਐਨ ਕੀਤਾ ਗਿਆ ਹੈ। ਇਸ ਮਕਸਦ ਲਈ ਵਿਰਕ ਦੇ ਜੀਵਨ ਵੇਰਵਿਆਂ, ਕਹਾਣੀਆਂ ਵਿਚਲੇ ਮਾਨਵਵਾਦ, ਵਿਰਕ ਦੀ ਕਹਾਣੀ ਕਲਾ ਤੇ ਪੁਸਤਕਾਂ ਨਵੇਂ ਲੋਕ, ਤੂੜੀ ਦੀ ਪੰਡ, ਦੁਆਦਸ਼ੀ ਬਾਰੇ ਵੱਖ-ਵੱਖ ਅਧਿਆਇ ਵਿਚ ਵੰਡ ਕੇ ਅਧਿਐਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਕਹਾਣੀ ਬਾਰੇ ਕੁਝ ਪ੍ਰਸ਼ਨਾਂ ਦੇ ਵਿਰਕ ਵੱਲੋਂ ਦਿੱਤੇ ਗਏ ਉੱਤਰ, ਤੇ 'ਮੈਂ ਤੇ ਮੇਰੀ ਰਚਨਾ' ਵਿਚ ਵਿਰਕ ਵੱਲੋਂ ਆਪਣੀ ਰਚਨਾ-ਪ੍ਰਕ੍ਰਿਆ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਤੋਂ ਅੱਗੇ ਵੱਖ-ਵੱਖ ਵਿਦਵਾਨਾਂ ਦੇ ਵਿਰਕ ਦੀ ਕਹਾਣੀ ਕਲਾ ਬਾਰੇ ਵਿਚਾਰਾਂ ਨੂੰ ਦਰਜ ਕੀਤਾ ਗਿਆ ਹੈ।

ਉੱਤਮ ਸਿੰਘ ਭਾਟੀਆ ਤੇ ਹਰਦੀਪ ਸਿੰਘ ਕਾਲੜਾ, *ਕਹਾਣੀਕਾਰ ਕੁਲਵੰਤ ਸਿੰਘ ਵਿਰਕ,* 1979 :- ਇਸ ਪੁਸਤਕ ਵਿਚ ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਦਾ ਅਧਿਐਨ ਬਾਰਾਂ ਅਧਿਆਇ ਵਿਚ ਕੀਤਾ ਗਿਆ ਹੈ। ਇਨ੍ਹਾਂ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ ਹੈ। ਪਹਿਲੇ

ਹਿੱਸੇ ਵਿਚ ਕੁਲਵੰਤ ਸਿੰਘ ਵਿਰਕ ਦੇ ਜੀਵਨ-ਵੇਰਵੇ, ਉਸਦੀਆਂ ਰਚਨਾਵਾਂ, ਮਾਨਵਵਾਦ ਨਾਲ ਸੰਬੰਧਿਤ ਚਰਚਾ ਕੀਤੀ ਗਈ ਹੈ। ਦੂਸਰੇ ਹਿੱਸੇ ਵਿਚ ਵਿਰਕ ਦੀਆਂ ਕਹਾਣੀ-ਪੁਸਤਕਾਂ *ਨਵੇਂ ਲੋਕ* ਅਤੇ *ਤੂੜੀ ਦੀ ਪੰਡ* ਬਾਰੇ ਅਧਿਐਨ ਸ਼ਾਮਲ ਹੈ। ਤੀਸਰੇ ਹਿੱਸੇ ਵਿਚ ਵਿਰਕ ਦੀ ਪੰਜਾਬੀ ਕਹਾਣੀ ਨੂੰ ਦੇਣ ਬਾਰੇ ਅਧਿਐਨ ਕੀਤਾ ਗਿਆ ਹੈ।

ਵਰਿਆਮ ਸਿੰਘ ਸੰਧੂ, *ਕੁਲਵੰਤ ਸਿੰਘ ਵਿਰਕ ਦਾ ਕਹਾਣੀ-ਸੰਸਾਰ,* 1979 :- ਇਸ ਪੁਸਤਕ ਵਿਚ ਵਿਰਕ ਦੀਆਂ ਕਹਾਣੀਆਂ ਬਾਰੇ ਮੁਕੰਮਲ ਅਧਿਐਨ ਕੀਤਾ ਗਿਆ ਹੈ। ਇਸ ਅਧਿਐਨ ਨੂੰ ਲੇਖਕ ਨੇ ਛੇ ਅਧਿਆਇ ; ਮਾਨਵਵਾਦੀ ਕਹਾਣੀਕਾਰ, ਪੇਂਡੂ ਜੀਵਨ ਦਾ ਚਿਤਰ, ਕਾਮ ਤੇ ਪ੍ਰੇਮ ਸੰਬੰਧ, ਵਿਰਕ ਦੀਆਂ ਕਹਾਣੀਆਂ ਵਿਚ ਨਵੀਂ ਔਰਤ, ਵਿਰਕ ਦੀਆਂ ਕਹਾਣੀਆਂ ਦਾ ਰੂਪ-ਵਿਧਾਨ ਤੇ ਵਿਰਕ ਦੀ ਵਿਲੱਖਣਤਾ ਵਿਚ ਵੰਡ ਕੇ ਵਿਰਕ ਦੀਆਂ ਕਹਾਣੀਆਂ ਬਾਰੇ ਚਰਚਾ ਕੀਤੀ ਹੈ।

ਗੁਰਦੇਵ ਸਿੰਘ ਚੰਦੀ, *ਕਹਾਣੀਕਾਰ ਕੁਲਵੰਤ ਸਿੰਘ ਵਿਰਕ : ਇਕ ਆਲੋਚਨਾਤਮਕ ਅਧਿਐਨ,* 1991 :- ਇਸ ਪੁਸਤਕ ਵਿਚ ਵਿਰਕ ਦੀਆਂ ਕਹਾਣੀਆਂ ਨਾਲ ਸੰਬੰਧਿਤ ਅਧਿਐਨ ਨੂੰ ਚਾਰ ਅਧਿਆਇ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਵਿਰਕ ਦੇ ਜੀਵਨ, ਰਚਨਾ, ਜੀਵਨ-ਅਨੁਭਵ ਤੇ ਸਿਰਜਣ-ਪ੍ਰਕ੍ਰਿਆ ਬਾਰੇ ਚਰਚਾ ਕੀਤੀ ਗਈ ਹੈ। ਦੂਸਰੇ ਅਧਿਆਇ ਵਿਚ ਵਿਰਕ ਦੀਆਂ ਕਹਾਣੀਆਂ ਦੇ ਵਿਸ਼ਿਆਂ ਬਾਰੇ ਅਧਿਐਨ ਹੈ। ਤੀਸਰੇ ਅਧਿਆਇ ਵਿਚ ਵਿਰਕ ਦੀਆਂ ਕਹਾਣੀਆਂ ਦੇ ਕਲਾਤਮਕ ਪੱਖ ਬਾਰੇ ਜਾਣਕਾਰੀ ਦਰਜ ਹੈ ਤੇ ਅੰਤਿਮ ਅਧਿਆਇ ਵਿਚ ਵਿਰਕ ਦੀਆਂ ਕਹਾਣੀਆਂ ਵਿਚੋਂ ਉਭਰਦੇ ਉਸਦੇ ਦ੍ਰਿਸ਼ਟੀਕੋਣ ਤੇ ਜੀਵਨ ਫ਼ਲਸਫ਼ੇ ਦਾ ਮੁਲਾਂਕਣ ਕੀਤਾ ਗਿਆ ਹੈ।

ਟੀ. ਆਰ. ਵਿਨੋਦ, *ਕੁਲਵੰਤ ਸਿੰਘ ਵਿਰਕ : ਜੀਵਨ ਤੇ ਰਚਨਾ,* 1993 :- ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਬਾਰੇ ਡਾ. ਟੀ. ਆਰ. ਵਿਨੋਦ ਦੀ ਇਹ ਦੂਸਰੀ ਪੁਸਤਕ ਹੈ, ਇਸ ਪੁਸਤਕ ਵਿਚ ਪਹਿਲੇ ਵਾਲੀ ਪੁਸਤਕ ਵਿਚਲੀਆਂ ਸਥਾਪਨਾਵਾਂ ਨੂੰ ਦੁਹਰਾਉਣ ਤੋਂ ਇਲਾਵਾ ਕੁਝ

ਇਕ ਵਾਧੇ ਕੀਤੇ ਗਏ ਹਨ। ਇਸ ਪੁਸਤਕ ਵਿਚ ਵਿਰਕ ਦੇ ਜੀਵਨ ਤੇ ਉਸਦੀ ਰਚਨਾ ਦੇ ਵਿਭਿੰਨ ਪੱਖਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ।

ਪੁਸਤਕਾਂ ; ਜਿਨ੍ਹਾਂ ਵਿਚ ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਸੰਬੰਧੀ ਲੇਖ ਦਰਜ ਹਨ

ਗੁਰਮੁਖ ਸਿੰਘ ਜੀਤ, *ਸਮਕਾਲੀ ਪੰਜਾਬੀ ਕਹਾਣੀ,* 1957 :- ਇਸ ਪੁਸਤਕ ਵਿਚ ਵਿਰਕ ਸੰਬੰਧੀ ਇਕ ਲੇਖ ਸ਼ਾਮਲ ਹੈ। ਇਸ ਲੇਖ ਵਿਚ ਵਿਰਕ ਦੇ ਜੀਵਨ ਸੰਬੰਧੀ ਜਾਣਕਾਰੀ ਦੇਣ ਦੇ ਨਾਲ-ਨਾਲ ਉਸਦੇ ਕਹਾਣੀ ਸਿਧਾਂਤ, ਕਹਾਣੀਆਂ ਦੇ ਵਿਸ਼ੇ ਤੇ ਉਸਦਾ ਪੰਜਾਬੀ ਕਹਾਣੀ ਵਿਚ ਸਥਾਨ ਨਿਸ਼ਚਿਤ ਕਰਨ ਦਾ ਯਤਨ ਕੀਤਾ ਗਿਆ ਹੈ।

ਸਤਿੰਦਰ ਸਿੰਘ, *ਗਲਪ ਸੰਦਰਭ,* 1959 :- ਇਸ ਪੁਸਤਕ ਵਿਚ ਵਿਰਕ ਦੀਆਂ ਕਹਾਣੀਆਂ ਨਾਲ ਸੰਬੰਧਿਤ ਤਿੰਨ ਲੇਖ 'ਕੁਲਵੰਤ ਸਿੰਘ ਵਿਰਕ-ਇਕ ਚੇਤੰਨ ਕਹਾਣੀਕਾਰ', 'ਕੁਲਵੰਤ ਸਿੰਘ ਵਿਰਕ-ਪੁਰਾਣੇ ਤੇ ਨਵੇਂ ਕਹਾਣੀਕਾਰਾਂ ਦੀ ਵਿਚਕਾਰਲੀ ਕੜੀ' ਤੇ 'ਕੁਲਵੰਤ ਸਿੰਘ ਵਿਰਕ ਦੀ ਕਹਾਣੀ ਕਲਾ' ਸ਼ਾਮਲ ਹਨ। ਇਨ੍ਹਾਂ ਵਿਚ ਉਪਰੋਕਤ ਵਿਸ਼ਿਆਂ ਦੇ ਪ੍ਰਸੰਗ ਵਿਚ ਵਿਰਕ ਦੀਆਂ ਕਹਾਣੀਆਂ ਦਾ ਅਧਿਐਨ ਕੀਤਾ ਗਿਆ ਹੈ।

ਪਿਆਰਾ ਸਿੰਘ ਭੋਗਲ, *ਪ੍ਰਸਿੱਧ ਕਹਾਣੀਕਾਰ,* 1971 :- ਇਸ ਪੁਸਤਕ ਨੂੰ ਛੇ ਅਧਿਆਇ ਵਿਚ ਵੰਡਿਆ ਗਿਆ ਹੈ। ਪਹਿਲਾ ਅਧਿਆਇ ਪੰਜਾਬੀ ਕਹਾਣੀ ਦੇ ਜਨਮ ਤੇ ਵਿਕਾਸ ਬਾਰੇ ਹੈ। ਅਗਲੇ ਪੰਜ ਅਧਿਆਇ ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰਾਂ ਬਾਰੇ ਹਨ। ਉਨ੍ਹਾਂ ਕਹਾਣੀਕਾਰਾਂ ਵਿਚ ਕੁਲਵੰਤ ਸਿੰਘ ਵਿਰਕ ਵੀ ਸ਼ਾਮਲ ਹੈ। ਕੁਲਵੰਤ ਸਿੰਘ ਵਿਰਕ ਨਾਲ ਸੰਬੰਧਿਤ ਕਹਾਣੀ ਅਧਿਐਨ ਵਿਚ ਵਿਰਕ ਦੀਆਂ ਕਹਾਣੀਆਂ ਵਿਚ ਪੇਸ਼ ਪੇਂਡੂ ਸਮਾਜ, ਵਿਰਕ ਦਾ ਮਾਨਵਵਾਦ, ਨਵੇਂ ਯੁੱਗ ਦੀ ਪੇਸ਼ਕਾਰੀ ਤੇ ਵਿਰਕ ਦੀ ਕਹਾਣੀ ਕਲਾ ਬਾਰੇ ਅਧਿਐਨ ਕੀਤਾ ਗਿਆ ਹੈ।

ਸ. ਸੋਜ਼, *ਕਹਾਣੀਕਾਰ ਸੁਜਾਨ ਸਿੰਘ, ਦੁੱਗਲ ਤੇ ਵਿਰਕ,* 1975 :- ਇਸ ਪੁਸਤਕ ਵਿਚ ਪੰਜਾਬੀ ਦੇ ਤਿੰਨ ਪ੍ਰਮੁੱਖ ਕਹਾਣੀਕਾਰਾਂ ਦੀਆਂ ਰਚਨਾਵਾਂ ਦਾ ਅਧਿਐਨ ਕੀਤਾ ਗਿਆ ਹੈ।

ਕੁਲਵੰਤ ਸਿੰਘ ਵਿਰਕ ਨਾਲ ਸੰਬੰਧਿਤ ਅਧਿਐਨ ਨੂੰ ਪ੍ਰਗਤੀਵਾਦੀ/ਮਾਨਵਵਾਦੀ ਕਹਾਣੀਕਾਰ ਦੇ ਰੂਪ ਵਿਚ ਵਿਰਕ ਦੀਆਂ ਕਹਾਣੀਆਂ ਬਾਰੇ ਚਰਚਾ ਕਰਦੇ ਹੋਏ ਉਸਦੀ ਵਿਲੱਖਣਤਾ ਤੇ ਉਸਦੀ ਪੁਸਤਕ *ਨਵੇਂ ਲੋਕ* ਬਾਰੇ ਚਰਚਾ ਕਰਦਿਆਂ ਉਸਦੀ ਦੇਣ ਨੂੰ ਸਮੁੱਚੀ ਪੰਜਾਬੀ ਕਹਾਣੀ ਦੇ ਪ੍ਰਸੰਗ ਵਿਚ ਵਿਚਾਰਿਆ ਗਿਆ ਹੈ।

ਗੁਰਬਖਸ਼ ਸਿੰਘ ਫ਼ਰੈਂਕ, *ਸਾਹਿਤ ਸੰਬਾਦ,* 1987 :- ਇਸ ਪੁਸਤਕ ਵਿਚ ਕੁਲਵੰਤ ਸਿੰਘ ਵਿਰਕ ਬਾਰੇ 'ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ : ਸੁਭਾਅ ਤੇ ਲੱਛਣ' ਪੁਸਤਕ *ਤੂੜੀ ਦੀ ਪੰਡ* ਦੇ ਆਧਾਰ 'ਤੇ ਲੇਖ ਦਰਜ ਹੈ। ਇਸ ਲੇਖ ਵਿਚ ਹਥਲੇ ਸੰਗ੍ਰਹਿ ਵਿਚ ਸ਼ਾਮਲ ਕਹਾਣੀਆਂ ਦਾ ਵਿਸ਼ੇ ਤੇ ਰੂਪ ਪੱਖੋਂ ਵਿਸ਼ਲੇਸ਼ਣ ਕੀਤਾ ਗਿਆ ਹੈ।

ਸੰਤ ਸਿੰਘ ਸੇਖੋਂ, *ਕਹਾਣੀ ਸ਼ਾਸਤਰ,* 1991 :- ਇਸ ਪੁਸਤਕ ਵਿਚ ਵਿਰਕ ਦੀਆਂ ਕਹਾਣੀਆਂ ਸੰਬੰਧੀ ਉਹ ਲੇਖ ਸ਼ਾਮਲ ਹਨ ਜੋ ਸੰਤ ਸਿੰਘ ਸੇਖੋਂ ਨੇ ਵਿਰਕ ਦੀਆਂ ਕਹਾਣੀ ਪੁਸਤਕਾਂ ਦੀ ਭੂਮਿਕਾ ਜਾਂ ਮੁੱਖ-ਬੰਦ ਦੇ ਰੂਪ ਵਿਚ ਲਿਖੇ ਸਨ। ਇਨ੍ਹਾਂ ਵਿਚ *ਛਾਹ ਵੇਲਾ* ਤੇ *ਦੁੱਧ ਦਾ ਛੱਪੜ* ਪੁਸਤਕਾਂ ਬਾਰੇ ਸੰਤ ਸਿੰਘ ਸੇਖੋਂ ਨੇ ਵਿਰਕ ਦੀ ਕਹਾਣੀ ਦੀ ਵਿਲੱਖਣਤਾ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਹੈ ਤੇ ਇਕ ਲੇਖ ਵਿਰਕ ਦੀਆਂ ਕਹਾਣੀਆਂ ਵਿਚ ਮਾਨਵਵਾਦ ਦੇ ਸੰਕਲਪ ਬਾਰੇ ਹੈ।

ਡਾ. ਧਨਵੰਤ ਕੌਰ, *ਆਧੁਨਿਕ ਪੰਜਾਬੀ ਕਹਾਣੀ : ਬਿਰਤਾਂਤ ਸ਼ਾਸਤਰੀ ਅਧਿਐਨ,* 1994 :- ਇਸ ਪੁਸਤਕ ਵਿਚ ਵਿਰਕ ਦੀਆਂ ਕਹਾਣੀਆਂ ਸੰਬੰਧੀ ਇਕ ਲੇਖ 'ਪੰਜਾਬੀਅਤ ਦੀ ਟਕੋਰਵੀ ਮੜਕ ; ਕੁਲਵੰਤ ਸਿੰਘ ਵਿਰਕ' ਸ਼ਾਮਲ ਹੈ। ਲੇਖਕ ਨੇ ਵਿਰਕ ਦੀਆਂ ਕਹਾਣੀਆਂ ਦਾ ਬਿਰਤਾਂਤ ਸ਼ਾਸਤਰੀ ਨਜ਼ਰੀਏ ਤੋਂ ਅਧਿਐਨ ਕਰਦੇ ਹੋਏ ਵਿਰਕ ਦੀ ਸਿਰਜਣਾਤਮਿਕਤਾ, ਬਿਰਤਾਂਤਕ ਸੂਝ, ਪਾਤਰ ਚੋਣ, ਪਾਤਰ ਉਸਾਰੀ ਤੇ ਵਿਰਕ ਦੀ ਸੰਚਾਰ ਯੋਗਤਾ ਨੂੰ ਆਪਣੇ ਅਧਿਐਨ ਦਾ ਆਧਾਰ ਬਣਾਇਆ ਹੈ।

ਸਵਿੰਦਰ ਸਿੰਘ ਉੱਪਲ, *ਪੰਜਾਬੀ ਕਹਾਣੀ-ਪੁਨਰ ਮੁਲਾਂਕਣ,* 1999 :- ਇਸ ਪੁਸਤਕ ਵਿਚ

ਵਿਰਕ ਦੀਆਂ ਕਹਾਣੀਆਂ ਨਾਲ ਸੰਬੰਧਿਤ ਲੇਖ 'ਆਧੁਨਿਕਤਾ ਅਤੇ ਕੁਲਵੰਤ ਸਿੰਘ ਵਿਰਕ' ਦਰਜ ਹੈ। ਇਸ ਲੇਖ ਵਿਚ ਆਧੁਨਿਕਤਾ ਦੇ ਸੰਕਲਪ ਨੂੰ ਪਰਿਭਾਸ਼ਿਤ ਕਰਦੇ ਹੋਏ ਦੱਸਿਆ ਗਿਆ ਹੈ ਕਿ ਪੱਛਮੀ ਸਾਹਿਤ ਦਾ ਜਾਣਕਾਰ ਹੋਣ ਕਰਕੇ ਵਿਰਕ ਪੱਛਮ ਵਿਚ ਹੋ ਰਹੇ ਸਾਹਿਤ ਦੇ ਤਜਰਬਿਆਂ ਪ੍ਰਤਿ ਜਾਗਰੂਕ ਸੀ ਤੇ ਉਸਦੇ ਪ੍ਰਭਾਵ ਅਧੀਨ ਵਿਰਕ ਆਪਣੀਆਂ ਕਹਾਣੀਆਂ ਵਿਚ ਵੀ ਨਵੇਂ ਤਜਰਬੇ ਤੇ ਵਿਚਾਰ ਪੇਸ਼ ਕਰਦਾ ਹੈ। ਪੰਜਾਬੀ ਕਹਾਣੀ ਵਿਚ ਇਸ ਪ੍ਰਵਿਰਤੀ ਨੂੰ ਉਭਾਰਣ ਵਿਚ ਵਿਰਕ ਦੀ ਦੇਣ ਮਹੱਤਵਪੂਰਣ ਹੈ।

ਗੁਰਦੇਵ ਸਿੰਘ ਚੰਦੀ, *ਗਲਪ-ਪ੍ਰਵਚਨ,* 2001 :- ਇਸ ਪੁਸਤਕ ਵਿਚ ਵਿਰਕ ਦੀਆਂ ਕਹਾਣੀਆਂ ਦੇ ਅਧਿਐਨ ਬਾਰੇ ਇਕ ਲੇਖ 'ਕੁਲਵੰਤ ਸਿੰਘ ਵਿਰਕ ਦਾ ਕਥਾ-ਪ੍ਰਬੰਧ' ਸ਼ਾਮਲ ਹੈ। ਇਸ ਵਿਚ ਵਿਰਕ ਦੇ ਕਥਾ ਪ੍ਰਬੰਧ ਦੀਆਂ ਖ਼ੂਬੀਆਂ ਤੇ ਵਿਲੱਖਣਤਾਵਾਂ ਨੂੰ ਉਭਾਰਿਆ ਗਿਆ ਹੈ।

ਡਾ. ਧਨਵੰਤ ਕੌਰ, *ਪੰਜਾਬੀ ਕਹਾਣੀ ਸ਼ਾਸਤਰ,* 2003 :- ਇਸ ਪੁਸਤਕ ਵਿਚ ਮੁੱਢਲੇ ਪੜਾਅ ਦੀ ਪੰਜਾਬੀ ਕਹਾਣੀ ਬਾਰੇ ਅਧਿਐਨ ਕਰਦਿਆਂ ਹੋਇਆ 1940 ਤੋਂ 1965 ਤੱਕ ਦੇ ਸਮੇਂ ਨੂੰ ਹੁਨਰੀ ਨਿੱਕੀ ਕਹਾਣੀ ਦੇ ਸਿਖਰਲੇ ਸਮੇਂ ਵਜੋਂ ਦਰਜ ਕੀਤਾ ਗਿਆ ਹੈ। ਇਸ ਪ੍ਰਸੰਗ ਵਿਚ ਵਿਰਕ ਦੀਆਂ ਸ਼ਾਹਕਾਰ ਕਹਾਣੀਆਂ 'ਖੱਬਲ', 'ਧਰਤੀ ਹੇਠਲਾ ਬੌਲਦ', 'ਦੁੱਧ ਦਾ ਛੱਪੜ', 'ਤੂੜੀ ਦੀ ਪੰਡ' ਦਾ ਅਧਿਐਨ ਕਰਦਿਆਂ ਹੋਇਆ ਇਨ੍ਹਾਂ ਨੂੰ ਪੰਜਾਬੀਅਤ ਦੇ ਨਿਵੇਕਲੇ ਲੱਛਣਾਂ ਨੂੰ ਉਜਾਗਰ ਕਰਨ ਵਾਲੀਆਂ ਕਹਾਣੀਆਂ ਦੇ ਰੂਪ ਵਿਚ ਉਭਾਰਿਆ ਗਿਆ ਹੈ।

ਸਵਰਨ ਸਿੰਘ, *ਪੰਜਾਬੀ ਕਹਾਣੀ ਵਿਚ ਲਿੰਗ ਰੁਚੀਆਂ,* ਮਿਤੀਹੀਣ :- ਇਸ ਪੁਸਤਕ ਵਿਚ ਅਧਿਐਨ ਕਰਤਾ ਨੇ ਲਿੰਗਕ ਰੁਚੀਆਂ ਦੇ ਪ੍ਰਸੰਗ ਵਿਚ ਪੱਛਮੀ ਵਿਦਵਾਨਾਂ ਬਾਰੇ ਚਰਚਾ ਕਰਨ ਉਪਰੰਤ ਪੰਜਾਬੀ ਸਾਹਿਤ ਵਿਚ ਲਿੰਗਕ ਰੁਚੀਆਂ ਦੇ ਪ੍ਰਵੇਸ਼ ਨੂੰ ਵੱਖ-ਵੱਖ ਕਹਾਣੀਕਾਰਾਂ ਦੇ ਪ੍ਰਸੰਗ ਵਿਚ ਵਿਚਾਰਿਆ ਹੈ। ਇਸ ਵਿਸ਼ੇ ਦੀ ਰੌਸ਼ਨੀ ਵਿਚ ਵਿਰਕ ਦੀਆਂ ਕਹਾਣੀਆਂ ਵਿਚੋਂ ਮਿਲਦੀਆਂ ਲਿੰਗਕ ਰੁਚੀਆਂ ਨੂੰ ਵਿਚਾਰਦਿਆਂ ਇਨ੍ਹਾਂ ਨੂੰ ਮਨੁੱਖ ਦੀ ਸੁਭਾਵਿਕ ਲੋੜ ਵਜੋਂ ਦਰਸਾ

ਕੇ ਵਿਰਕ ਦੀ ਵਿਲੱਖਣਤਾ ਨੂੰ ਉਭਾਰਿਆ ਹੈ।

ਪੰਜਾਬੀ ਸਾਹਿਤ ਦੇ ਇਤਹਾਸ ਤੇ ਹੋਰ ਪੁਸਤਕਾਂ ; ਜਿਨ੍ਹਾਂ ਵਿਚ ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਨਾਲ ਸੰਬੰਧਿਤ ਸਮੱਗਰੀ/ਜਾਣਕਾਰੀ ਦਰਜ ਹੈ

ਪੰਜਾਬੀ ਸਾਹਿਤ ਦੇ ਤਕਰੀਬਨ ਸਾਰੇ ਸਾਹਿਤ ਇਤਹਾਸਾਂ ਵਿਚ ਵਿਰਕ ਦੀਆਂ ਕਹਾਣੀਆਂ ਬਾਰੇ ਚਰਚਾ ਕੀਤੀ ਗਈ ਮਿਲਦੀ ਹੈ। ਇਨ੍ਹਾਂ ਵਿਚ ਪਿਆਰਾ ਸਿੰਘ ਭੋਗਲ ਦਾ *ਪੰਜਾਬੀ ਸਾਹਿਤ ਦਾ ਇਤਹਾਸ* (1968), ਕਿਰਪਾਲ ਸਿੰਘ ਕਸੇਲ ਤੇ ਡਾ. ਪਰਮਿੰਦਰ ਸਿੰਘ ਦੁਆਰਾ ਲਿਖਿਤ *ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ* (1976), ਈਸ਼ਰ ਸਿੰਘ ਤਾਂਘ ਦੇ *ਪੰਜਾਬੀ ਸਾਹਿਤ ਦੇ ਇਤਹਾਸ ਦਾ ਪੁਨਰ ਮੁਲਾਂਕਣ* (1998), ਜੀਤ ਸਿੰਘ ਸੀਤਲ ਦੇ *ਆਧੁਨਿਕ ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਹਾਸ* (1979) ਆਦਿ ਸਾਹਿਤ ਦੇ ਇਤਹਾਸਾਂ ਵਿਚ ਵਿਰਕ ਦੀ ਆਮਦ ਨਾਲ ਪੰਜਾਬੀ ਕਹਾਣੀ ਵਿਚ ਆਏ ਬਦਲਾਅ, ਵਿਰਕ ਦੀਆਂ ਕਹਾਣੀਆਂ ਵਿਚਲੀਆਂ ਮਨੋਵਿਗਿਆਨਕ ਛੂਹਾਂ, ਵਿਰਕ ਦੀ ਪੰਜਾਬੀ ਕਹਾਣੀ ਨੂੰ ਦੇਣ ਤੇ ਉਸਦਾ ਸਥਾਨ ਕਹਾਣੀ ਦੇ ਖੇਤਰ ਵਿਚ ਨਿਸ਼ਚਿਤ ਕਰਨ ਦਾ ਯਤਨ ਕੀਤਾ ਗਿਆ ਹੈ। ਉਪਰੋਕਤ ਸਾਹਿਤ ਇਤਹਾਸ ਦੀਆਂ ਪੁਸਤਕਾਂ ਤੋਂ ਇਲਾਵਾ ਡਾ. ਬਲਦੇਵ ਸਿੰਘ ਧਾਲੀਵਾਲ ਦੀਆਂ ਪੁਸਤਕਾਂ *ਆਧੁਨਿਕ ਪੰਜਾਬੀ ਕਹਾਣੀ : ਦ੍ਰਿਸ਼ਟੀਮੂਲਕ ਪਰਿਪੇਖ* (1999), *ਪੰਜਾਬੀ ਕਹਾਣੀ ਦੀ ਇਕ ਸਦੀ : ਇਤਹਾਸ ਮੂਲਕ ਪ੍ਰਵਚਨ* (2002) ਤੇ *ਪੰਜਾਬੀ ਕਹਾਣੀ ਦਾ ਇਤਹਾਸ* (2006) ਆਦਿ ਪੁਸਤਕਾਂ ਵਿਚ ਸਾਹਿਤ ਇਤਹਾਸ ਦੀ ਕਾਲ ਵੰਡ ਕਰਦਿਆਂ ਕੁਲਵੰਤ ਸਿੰਘ ਵਿਰਕ ਨੂੰ ਪ੍ਰਗਤੀਵਾਦੀ ਯਥਾਰਥਵਾਦੀ ਕਹਾਣੀਕਾਰਾਂ ਦੀ ਕੋਟੀ ਵਿਚ ਸ਼ਾਮਲ ਕੀਤਾ ਗਿਆ ਹੈ। ਉਸਦੀ ਅ-ਸਾਧਾਰਣ ਤੇ ਵਿਲੱਖਣ ਕਹਾਣੀਕਾਰ ਵਜੋਂ ਹਾਜ਼ਰੀ ਪੰਜਾਬੀ ਕਹਾਣੀ ਨੂੰ ਹਰ ਪੱਖੋਂ ਸਮਰਿਧ ਕਰਦੀ ਹੈ। ਵਿਰਕ ਨੂੰ ਪੇਂਡੂ ਤੇ ਸ਼ਹਿਰੀ ਜੀਵਨ ਦੀ ਇਕੋ ਜਿਹੀ ਕਲਾਤਮਕ ਸਮਰਥਾ ਨਾਲ ਪੇਸ਼ਕਾਰੀ ਕਰਨ ਵਾਲੇ ਕਹਾਣੀਕਾਰ ਦੇ ਰੂਪ ਵਿਚ ਸਥਾਪਿਤ ਕੀਤਾ ਗਿਆ ਹੈ।

## ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਸੰਬੰਧੀ ਪ੍ਰਾਪਤ ਖੋਜ-ਕਾਰਜ ਦਾ ਅਧਿਐਨ ਤੇ ਮੁਲਾਂਕਣ

- ਅਕਾਦਮਿਕ ਖੋਜ (ਉਪਾਧੀ ਸਾਪੇਖ ਖੋਜ)
- ਪੁਸਤਕਾਂ ਦੇ ਰੂਪ ਵਿਚ ਹੋਇਆ ਖੋਜ-ਕਾਰਜ
- ਪੁਸਤਕਾਂ ; ਜਿਨ੍ਹਾਂ ਵਿਚ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਸੰਬੰਧੀ ਲੇਖ ਦਰਜ ਹਨ
- ਪੁਸਤਕਾਂ ਤੇ ਸਾਹਿਤ ਦੇ ਇਤਹਾਸ ; ਜਿਨ੍ਹਾਂ ਵਿਚ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਨਾਲ ਸੰਬੰਧਿਤ ਸਮੱਗਰੀ/ਜਾਣਕਾਰੀ ਦਰਜ ਹੈ

### ਅਕਾਦਮਿਕ ਖੋਜ (ਉਪਾਧੀ ਸਾਪੇਖ ਖੋਜ)

ਗੁਰਮੀਤ ਕੌਰ, *ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚ ਸਭਿਆਚਾਰਕ ਚੇਤਨਾ,* 1986-87 :- ਇਸ ਖੋਜ-ਨਿਬੰਧ ਨੂੰ ਚਾਰ ਅਧਿਆਇ ਵਿਚ ਵੰਡ ਕੇ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਦਾ ਸਭਿਆਚਾਰਕ ਚੇਤਨਾ ਦੀ ਦ੍ਰਿਸ਼ਟੀ ਤੋਂ ਅਧਿਐਨ ਕੀਤਾ ਗਿਆ ਹੈ। ਪਹਿਲੇ ਅਧਿਆਇ ਵਿਚ ਸਭਿਆਚਾਰਕ ਚੇਤਨਾ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਦੂਸਰੇ ਅਧਿਆਇ ਵਿਚ ਪੰਜਾਬੀ ਕਹਾਣੀ ਵਿਚ ਪੇਸ਼ ਸਭਿਆਚਾਰਕ ਚੇਤਨਾ ਬਾਰੇ ਚਰਚਾ ਕੀਤੀ ਗਈ ਹੈ। ਤੀਸਰੇ ਅਧਿਆਇ ਵਿਚ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਨੂੰ ਇਸ ਦ੍ਰਿਸ਼ਟੀ ਤੋਂ ਵਿਸ਼ਲੇਸ਼ਿਤ ਕੀਤਾ ਗਿਆ ਹੈ। ਚੌਥੇ ਅਧਿਆਇ ਵਿਚ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ 'ਅੰਗ ਸੰਗ', 'ਸੁਨਹਿਰੀ ਕਿਣਕਾ', 'ਡੁੰਮ੍ਹ', 'ਵਾਪਸੀ' ਤੇ 'ਭੱਜੀਆਂ ਬਾਹੀਂ' ਵਿਚ ਪੇਸ਼ ਸਭਿਆਚਾਰਕ ਚੇਤਨਾ ਬਾਰੇ ਅਧਿਐਨ ਕੀਤਾ ਗਿਆ ਹੈ।

ਗੋਪਾਲ ਸਿੰਘ, *ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚ ਸਭਿਆਚਾਰਕ ਸੰਕਟ,* 1987 :- ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਦਾ ਸਭਿਆਚਾਰਕ ਸੰਕਟ ਦੀ ਦ੍ਰਿਸ਼ਟੀ ਤੋਂ ਅਧਿਐਨ ਕਰਨ ਲਈ ਸਮੁੱਚੇ ਖੋਜ-ਨਿਬੰਧ ਨੂੰ ਪੰਜ ਅਧਿਆਇ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਸਭਿਆਚਾਰਕ ਸੰਕਟ ਨੂੰ ਸਿਧਾਂਤਕ ਪਰਿਪੇਖ ਵਿਚ ਸਮਝਣ ਦਾ ਯਤਨ ਕੀਤਾ

ਗਿਆ ਹੈ। ਦੂਸਰੇ ਅਧਿਆਇ ਵਿਚ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚ ਪ੍ਰਤਿਬਿੰਬਤ ਸਮਾਜਕ ਯਥਾਰਥ, ਤੀਸਰੇ ਅਧਿਆਇ ਵਿਚ ਮਾਨਵੀ ਸੰਕਟ, ਚੌਥੇ ਅਧਿਆਇ ਵਿਚ ਰਾਜਸੀ ਚੇਤਨਾ ਵਿਚਲਾ ਸੰਕਟ ਤੇ ਪੰਜਵੇਂ ਅਧਿਆਇ ਵਿਚ ਪ੍ਰਤਿਬਿੰਬਤ ਆਰਥਕ ਸੰਕਟ ਬਾਰੇ ਅਧਿਐਨ ਕੀਤਾ ਗਿਆ ਹੈ। ਅੰਤ ਵਿਚ ਨਿਸ਼ਕਰਸ਼ ਦੇ ਸਿਰਲੇਖ ਹੇਠ ਸਮੁੱਚੇ ਖੋਜ-ਨਿਬੰਧ ਵਿਚੋਂ ਪ੍ਰਾਪਤ ਸਿੱਟਿਆਂ ਨੂੰ ਦਰਜ ਕੀਤਾ ਗਿਆ ਹੈ।

ਹਰਪਾਲ ਸਿੰਘ, *ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚ ਮਾਨਵੀ ਰਿਸ਼ਤਿਆਂ ਦਾ ਯਥਾਰਥ,* 1995 :- ਇਸ ਖੋਜ-ਨਿਬੰਧ ਵਿਚ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚ ਪੇਸ਼ ਮਾਨਵੀ ਰਿਸ਼ਤਿਆਂ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਸਮੁੱਚੇ ਖੋਜ-ਨਿਬੰਧ ਨੂੰ ਤਿੰਨ ਅਧਿਆਇ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਮਾਨਵੀ ਰਿਸ਼ਤਿਆਂ ਨੂੰ ਇਤਹਾਸਕ ਪਰਿਪੇਖ ਵਿਚ ਸਮਝਣ ਦਾ ਯਤਨ ਕੀਤਾ ਗਿਆ ਹੈ। ਦੂਸਰੇ ਅਧਿਆਇ ਵਿਚ ਕਹਾਣੀਆਂ ਵਿਚ ਦਰਜ ਮਾਨਵੀ ਰਿਸ਼ਤਿਆਂ ਦਾ ਵਰਗੀਕਰਣ ਕੀਤਾ ਗਿਆ ਹੈ। ਤੀਸਰੇ ਅਧਿਆਇ ਵਿਚ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚ ਪੇਸ਼ ਮਾਨਵੀ ਰਿਸ਼ਤਿਆਂ ਨੂੰ ਆਰਥਕ-ਸਮਾਜਕ ਪ੍ਰਸੰਗ ਵਿਚ ਸਮਝਣ ਦਾ ਯਤਨ ਕੀਤਾ ਗਿਆ ਹੈ।

ਸੁਖਜੀਤ ਕੌਰ, *ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਦੇ ਥੀਮਕ ਪਾਸਾਰ,* 2002 :- ਇਸ ਖੋਜ-ਨਿਬੰਧ ਵਿਚ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਦਾ ਥੀਮ ਦੀ ਦ੍ਰਿਸ਼ਟੀ ਤੋਂ ਅਧਿਐਨ ਕੀਤਾ ਗਿਆ ਹੈ। ਸਮੁੱਚੇ ਖੋਜ-ਨਿਬੰਧ ਨੂੰ ਤਿੰਨ ਅਧਿਆਇ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਲੇਖਕ ਦੇ ਜੀਵਨ ਵੇਰਵਿਆਂ, ਸ਼ਖ਼ਸੀਅਤ ਤੇ ਉਸਦੇ ਰਚਨਾ ਸੰਸਾਰ ਬਾਰੇ ਜਾਣਕਾਰੀ ਦਿੱਤੀ ਗਈ ਹੈ। ਦੂਸਰੇ ਅਧਿਆਇ ਵਿਚ *ਭੱਜੀਆਂ ਬਾਹੀਂ* ਤੇ *ਚੌਥੀ ਕੂਟ* ਵਿਚਲੀਆਂ ਕਹਾਣੀਆਂ ਦਾ ਥੀਮਿਕ ਅਧਿਐਨ ਕੀਤਾ ਗਿਆ ਹੈ। ਤੀਸਰੇ ਤੇ ਅੰਤਿਮ ਅਧਿਆਇ ਵਿਚ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚਲੀਆਂ ਕਥਾ-ਜੁਗਤਾਂ ਦਾ ਅਧਿਐਨ ਕੀਤਾ ਗਿਆ ਹੈ।

ਸੀਮਾ, *ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਦਾ ਚਿਹਨ ਵਿਗਿਆਨਕ ਅਧਿਐਨ,* 2004 :- ਇਸ ਖੋਜ-ਪ੍ਰਬੰਧ ਨੂੰ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਦਾ ਚਿਹਨ-ਵਿਗਿਆਨਕ ਦ੍ਰਿਸ਼ਟੀ ਤੋਂ ਅਧਿਐਨ ਕਰਨ ਲਈ ਛੇ ਅਧਿਆਇ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਚਿਹਨ-ਵਿਗਿਆਨ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਦੂਸਰੇ ਅਧਿਆਇ ਵਿਚ ਵਰਿਆਮ ਸਿੰਘ ਸੰਧੂ ਬਾਰੇ ਪ੍ਰਾਪਤ ਸਮੱਗਰੀ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਤੀਸਰੇ ਅਧਿਆਇ ਵਿਚ *ਲੋਹੇ ਦੇ ਹੱਥ* ਪੁਸਤਕ ਦਾ ਚਿਹਨ-ਵਿਗਿਆਨਕ ਦ੍ਰਿਸ਼ਟੀ ਤੋਂ ਅਧਿਐਨ ਕੀਤਾ ਗਿਆ ਹੈ। ਚੌਥੇ ਅਧਿਆਇ ਵਿਚ *ਅੰਗ-ਸੰਗ* ਤੇ *ਭੱਜੀਆਂ ਬਾਹੀਂ* ਕਹਾਣੀ-ਪੁਸਤਕਾਂ ਵਿਚ ਪੈਸੇ ਦੀ ਖਿੱਚ ਅਧੀਨ ਟੁੱਟ ਰਹੇ ਰਿਸ਼ਤਿਆਂ ਨੂੰ ਚਿਹਨਾਂ ਦੇ ਮਾਧਿਅਮ ਰਾਹੀਂ ਵਿਸ਼ਲੇਸ਼ਿਤ ਕੀਤਾ ਗਿਆ ਹੈ। ਪੰਜਵੇਂ ਅਧਿਆਇ ਵਿਚ *ਚੌਥੀ ਕੂਟ* ਪੁਸਤਕ ਵਿਚਲੀਆਂ ਕਹਾਣੀਆਂ ਨੂੰ ਪੰਜਾਬ ਸੰਕਟ ਦੇ ਪ੍ਰਸੰਗ ਵਿਚ ਚਿਹਨ-ਵਿਗਿਆਨਕ ਦ੍ਰਿਸ਼ਟੀ ਤੋਂ ਵਿਸ਼ਲੇਸ਼ਿਤ ਕੀਤਾ ਗਿਆ ਹੈ। ਛੇਵੇਂ ਅਧਿਆਇ ਵਿਚ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚ ਉੱਭਰਦੇ ਚਿਹਨ-ਵਿਗਿਆਨਕ ਪੈਟਰਨਾਂ ਦੀ ਸ਼ਨਾਖ਼ਤ ਕੀਤੀ ਗਈ ਹੈ। ਅੰਤ ਵਿਚ ਪ੍ਰਾਪਤ ਨਤੀਜਿਆਂ ਨੂੰ ਨਿਸ਼ਕਰਸ਼ ਸਿਰਲੇਖ ਅਧੀਨ ਦਰਜ ਕੀਤਾ ਗਿਆ ਹੈ।

ਗੁਰਮੀਤ ਕੌਰ, *ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚ ਰਾਜਸੀ ਚੇਤਨਾ,* 2007 :- ਰਾਜਸੀ ਚੇਤਨਾ ਦੀ ਦ੍ਰਿਸ਼ਟੀ ਤੋਂ ਅਧਿਐਨ ਕਰਨ ਲਈ ਸਮੁੱਚੇ ਖੋਜ-ਨਿਬੰਧ ਨੂੰ ਚਾਰ ਅਧਿਆਇ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਰਾਜਸੀ ਚੇਤਨਾ ਤੇ ਸਾਹਿਤ ਸਿਰਜਣਾ ਦੇ ਆਪਸੀ ਸੰਬੰਧਾਂ ਬਾਰੇ ਅਧਿਐਨ ਪੇਸ਼ ਕੀਤਾ ਗਿਆ ਹੈ। ਦੂਸਰੇ ਅਧਿਆਇ ਵਿਚ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚਲੀ ਰਾਜਸੀ ਚੇਤਨਾ ਦੀ ਜਟਿਲ ਤੇ ਬਹੁ-ਅਰਥੀ ਸਿਰਜਣ ਪ੍ਰਕ੍ਰਿਆ ਨੂੰ ਰੂਪਮਾਨ ਕੀਤਾ ਗਿਆ ਹੈ। ਤੀਸਰੇ ਅਧਿਆਇ ਵਿਚ ਲੇਖਕ ਦੀਆਂ ਕਹਾਣੀਆਂ ਵਿਚ ਨਕਸਲੀ ਲਹਿਰ, ਪੰਜਾਬ ਸਮੱਸਿਆ, ਜਾਤੀਗਤ ਅਤੇ ਮਾਨਵੀ ਸਰੋਕਾਰਾਂ ਵਿਚੋਂ ਉਭਰਦੀ ਰਾਜਸੀ ਚੇਤਨਾ ਬਾਰੇ ਅਧਿਐਨ ਕੀਤਾ ਗਿਆ ਹੈ। ਚੌਥੇ ਅਧਿਆਇ ਵਿਚ ਉਪਰੋਕਤ ਥੀਮ ਦੀ ਉਸਾਰੀ

ਲਈ ਵਰਤੀਆਂ ਗਈਆਂ ਸਾਹਿਤਕ ਜੁਗਤਾਂ ਨੂੰ ਦਰਜ ਕੀਤਾ ਗਿਆ ਹੈ। ਅੰਤ ਵਿਚ ਨਿਸ਼ਕਰਸ਼ ਪੇਸ਼ ਕਰਦੇ ਹੋਏ ਵਿਸ਼ਲੇਸ਼ਣ ਤੋਂ ਪ੍ਰਾਪਤ ਸਿੱਟਿਆਂ ਨੂੰ ਦਰਸਾਇਆ ਗਿਆ ਹੈ।

ਪੁਸਤਕਾਂ ਦੇ ਰੂਪ ਵਿਚ ਹੋਇਆ ਖੋਜ-ਕਾਰਜ

ਬਲਦੇਵ ਸਿੰਘ ਧਾਲੀਵਾਲ, *ਵਰਿਆਮ ਸਿੰਘ ਸੰਧੂ ਦਾ ਕਥਾ ਸੰਸਾਰ,* 1983 :- ਚਾਰ ਭਾਗਾਂ ਵਿਚ ਵਿਭਾਜਿਤ ਇਸ ਪੁਸਤਕ ਵਿਚ ਲੇਖਕ ਨੇ ਵਰਿਆਮ ਸਿੰਘ ਸੰਧੂ ਦੀ ਕਥਾ ਵਾਰਤਾ, ਸਿਰਜਣ ਦ੍ਰਿਸ਼ਟੀ, ਗਲਪ ਜੁਗਤਾਂ ਆਦਿ ਪੱਖਾਂ ਬਾਰੇ ਜਾਣਕਾਰੀ ਦਿੱਤੀ ਹੈ। 'ਪੰਜਾਬ ਦੀ ਕਿਰਸਾਣੀ ਤੇ ਪੰਜਾਬੀ ਗਲਪ', 'ਪੰਜਾਬੀ ਗਲਪ ਅਤੇ ਨਿਮਨ ਕਿਰਸਾਣੀ ਅਨੁਭਵ', 'ਵਰਿਆਮ ਸਿੰਘ ਸੰਧੂ ਦੀ ਰਚਨਾ ਦ੍ਰਿਸ਼ਟੀ ਅਤੇ ਦ੍ਰਿਸ਼ਟੀਕੋਣ', ਵਰਿਆਮ ਸਿੰਘ ਸੰਧੂ ਦੀ ਕਥਾ-ਵਸਤੂ ਅਤੇ ਗਲਪ-ਜੁਗਤਾਂ ਜਿਹੇ ਵਿਸ਼ਿਆਂ ਨੂੰ ਇਸ ਪੁਸਤਕ ਵਿਚ ਵਾਚਿਆ ਗਿਆ ਹੈ। ਲੇਖਕ ਅਨੁਸਾਰ ਵਰਿਆਮ ਸਿੰਘ ਸੰਧੂ ਨੇ ਕਿਸਾਨੀ ਜੀਵਨ ਦੇ ਜੀਵਨ ਨੂੰ ਯਥਾਰਥਕ ਢੰਗ ਨਾਲ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ ਹੈ।

ਅਜੀਤ ਸਿੰਘ ਸ਼ਾਹੀ, *ਵਰਿਆਮ ਸਿੰਘ ਸੰਧੂ ਦੀ ਗਲਪ ਚੇਤਨਾ,* 1986 :- ਡਾ. ਅਜੀਤ ਸਿੰਘ ਸ਼ਾਹੀ ਦੁਆਰਾ ਰਚਿਤ ਇਹ ਪੁਸਤਕ ਵਰਿਆਮ ਸਿੰਘ ਸੰਧੂ ਦੀ ਕਹਾਣੀ ਪ੍ਰਕ੍ਰਿਆ ਨੂੰ ਸਮਝਣ 'ਤੇ ਆਧਾਰਿਤ ਹੈ। ਸਮੁੱਚੀ ਪੁਸਤਕ ਨੂੰ ਪੰਜ ਅਧਿਆਇ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਕਹਾਣੀਆਂ ਵਿਚ ਪੇਸ਼ ਕਿਸਾਨੀ ਜੀਵਨ ਦਾ ਅਧਿਐਨ ਕੀਤਾ ਗਿਆ ਹੈ। ਦੂਸਰੇ ਵਿਚ ਰਾਜਸੀ ਚੇਤਨਾ ਬਾਰੇ ਚਰਚਾ ਕੀਤੀ ਗਈ ਹੈ। ਤੀਸਰਾ ਅਧਿਆਇ ਵਰਿਆਮ ਸਿੰਘ ਸੰਧੂ ਦੀ ਗਲਪ ਚੇਤਨਾ ਦੀ ਪੇਸ਼ਕਾਰੀ 'ਤੇ ਆਧਾਰਿਤ ਹੈ, ਚੌਥੇ ਅਧਿਆਇ ਵਿਚ ਦੋ ਕਹਾਣੀਆਂ 'ਵਾਪਸੀ' ਤੇ 'ਡੁੰਮ੍ਹ' ਦਾ ਵਿਸਤ੍ਰਿਤ ਅਧਿਐਨ ਕੀਤਾ ਗਿਆ ਹੈ ਅਤੇ ਅੰਤਿਮ ਅਧਿਆਇ ਵਿਚ ਕਹਾਣੀਆਂ ਵਿਚੋਂ ਉਭਰਦੇ ਯਥਾਰਥ ਬੋਧ ਬਾਰੇ ਅਧਿਐਨ ਪੇਸ਼ ਕੀਤਾ ਗਿਆ ਹੈ। ਲੇਖਕ ਦੀਆਂ ਕਹਾਣੀਆਂ ਦਾ ਜ਼ੋਰ ਖ਼ਤਮ ਹੋ ਰਹੀ ਕਿਸਾਨੀਨੂੰ ਪੇਸ਼ ਕਰਨ ਉੱਪਰ ਹੈ।

ਬਲਦੇਵ ਸਿੰਘ ਧਾਲੀਵਾਲ, *ਵਰਿਆਮ ਸਿੰਘ ਸੰਧੂ ਦੀ ਕਹਾਣੀ : ਸਰੂਪ ਤੇ ਵਿਵੇਕ,* 1999 :- ਇਸ ਪੁਸਤਕ ਵਿਚ ਵਰਿਆਮ ਸਿੰਘ ਸੰਧੂ ਦੀ ਸਮੁੱਚੀ ਕਹਾਣੀ ਬਾਰੇ ਚਰਚਾ ਕੀਤੀ ਗਈ ਹੈ। ਸੰਧੂ ਦਾ ਰਚਨਾ-ਕਾਰਜ, ਕਥਾ-ਵਸਤੂ, ਗਲਪ-ਜੁਗਤਾਂ, ਕਥਾ-ਵਿਵੇਕ, ਪੰਜਾਬ ਦੀ ਕਿਸਾਨੀ ਤੇ ਪੰਜਾਬ ਸੰਕਟ ਨਾਲ ਸੰਬੰਧਿਤ ਕਹਾਣੀਆਂ, ਪੰਜਾਬੀ ਕਹਾਣੀ ਦੇ ਖੇਤਰ ਵਿਚ ਵਰਿਆਮ ਸਿੰਘ ਸੰਧੂ ਦਾ ਸਥਾਨ ਜਿਹੇ ਵਿਸ਼ਿਆਂ ਨੂੰ ਬਿਆਨ ਕੀਤਾ ਗਿਆ ਹੈ। ਇਸ ਪੁਸਤਕ ਵਿਚ ਦੋ ਅੰਤਿਕਾਵਾਂ ਵੀ ਹਨ ; ਇਕ ਵਿਚ ਕਹਾਣੀ ਲੇਖਕ ਨਾਲ ਮੁਲਾਕਾਤ ਅਤੇ ਦੂਸਰੀ ਵਿਚ ਸੰਧੂ ਬਾਰੇ ਉਪਲਬਧ ਖੋਜ-ਕਾਰਜ ਦੇ ਵੇਰਵੇ ਦਿੱਤੇ ਗਏ ਹਨ।

ਅਜੀਤ ਸਿੰਘ ਸ਼ਾਹੀ ਤੇ ਹਰਦੀਪ ਕੌਰ ਸ਼ਾਹੀ, *ਵਰਿਆਮ ਸਿੰਘ ਸੰਧੂ ਦੀ ਚੌਥੀ ਕੂਟ,* 2001 :- ਅੱਠ ਅਧਿਆਇ ਵਿਚ ਵੰਡੀ ਹੋਈ ਇਹ ਪੁਸਤਕ ਵਰਿਆਮ ਸਿੰਘ ਸੰਧੂ ਦੀ ਇਨਾਮ ਜੇਤੂ ਪੁਸਤਕ *ਚੌਥੀ ਕੂਟੀ* ਦੇ ਅਧਿਐਨ ਉੱਤੇ ਆਧਾਰਿਤ ਹੈ। ਪਹਿਲਾ ਅਧਿਆਇ ਚੌਥੀ ਕੂਟ ਕਹਾਣੀ ਤੇ ਪੰਜਾਬ ਸੰਕਟ ਬਾਰੇ ਹੈ। ਦੂਸਰੇ ਅਧਿਆਇ ਵਿਚ 'ਮੈਂ ਹੁਣ ਠੀਕ ਠਾਕ ਹਾਂ' ਦੀਆਂ ਬਿਰਤਾਂਤਕ ਜੁਗਤਾਂ ਬਾਰੇ ਚਰਚਾ ਕੀਤੀ ਗਈ ਹੈ। ਤੀਸਰੇ ਅਧਿਆਇ ਵਿਚ ਪੰਜਾਬ ਦੇ ਨਿੱਘਰ ਰਹੇ ਵਿਦਿਅਕ ਪ੍ਰਬੰਧ ਨੂੰ 'ਛੁੱਟੀ' ਕਹਾਣੀ ਦੇ ਪ੍ਰਸੰਗ ਵਿਚ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਚੌਥੇ ਅਧਿਆਇ ਵਿਚ ਪੰਜਾਬ ਵੰਡ ਦੇ ਦੁਖਾਂਤ ਨੂੰ 'ਪਰਛਾਵੇਂ' ਕਹਾਣੀ ਦੇ ਪ੍ਰਸੰਗ ਵਿਚ ਸਮਝਣ ਦਾ ਯਤਨ ਕੀਤਾ ਗਿਆ ਹੈ। 'ਨੌਂ ਬਾਰਾਂ ਦਸ' ਵਿਚ ਦਲਿਤ ਜੀਵਨ ਬਾਰੇ ਅਧਿਐਨ ਕੀਤਾ ਗਿਆ ਹੈ। ਅਗਲੇ ਅਧਿਆਇ ਵਿਚ ਲੰਮੀ ਕਹਾਣੀ ਦੇ ਪ੍ਰਸੰਗ ਵਿਚ ਪੁਸਤਕ *ਚੌਥੀ ਕੂਟ* ਦੀਆਂ ਕਹਾਣੀਆਂ ਬਾਰੇ ਵਿਚਾਰ-ਚਰਚਾ ਕੀਤੀ ਗਈ ਹੈ। ਸੱਤਵੇਂ ਅਧਿਆਇ ਵਿਚ ਲੇਖਕ ਦੀ ਸਮੁੱਚੀ ਗਲਪ ਚੇਤਨਾ ਦੇ ਵਿਕਾਸ ਬਾਰੇ ਅਧਿਐਨ ਕੀਤਾ ਗਿਆ ਹੈ। ਅੱਠਵੇਂ ਅਧਿਆਇ ਵਿਚ ਲੇਖਕ ਨੇ ਆਪਣੀ ਰਚਨਾ-ਪ੍ਰਕ੍ਰਿਆ ਬਾਰੇ ਜਾਣਕਾਰੀ ਦਿੱਤੀ ਹੈ।

ਪੁਸਤਕਾਂ ; ਜਿਨ੍ਹਾਂ ਵਿਚ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਸੰਬੰਧੀ ਲੇਖ ਦਰਜ ਹਨ

ਡਾ. ਅਤਰ ਸਿੰਘ, *ਸਾਹਿਤ ਸੰਵੇਦਨਾ,* 1984 :- ਇਸ ਪੁਸਤਕ ਵਿਚ ਡਾ. ਅਤਰ ਸਿੰਘ ਦੇ ਲੇਖ 'ਮਨੁੱਖੀ ਰਿਸ਼ਤਿਆਂ ਦੀ ਅਰਥਹੀਣਤਾ' ਦਰਜ ਹੈ। ਇਹ ਲੇਖ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਦੇ ਅਧਿਐਨ 'ਤੇ ਆਧਾਰਿਤ ਹੈ। ਇਸ ਵਿਚ ਡਾ. ਅਤਰ ਸਿੰਘ ਨੇ ਵੱਧਦੀਆਂ ਆਰਥਿਕ ਖਿੱਚਾਂ ਦੇ ਪ੍ਰਭਾਵ ਅਧੀਨ ਕਿਸਾਨੀ ਵਿਚ ਟੁੱਟ ਰਹੇ ਪਰਿਵਾਰਕ ਤੇ ਸਮਾਜਕ ਰਿਸ਼ਤਿਆਂ ਬਾਰੇ ਅਧਿਐਨ ਪ੍ਰਸਤੁਤ ਕੀਤਾ ਹੈ।

ਟੀ. ਆਰ. ਵਿਨੋਦ, *ਪੰਜਾਬੀ ਕਹਾਣੀ ਅਧਿਅਨ,* 1988 :- *ਪੰਜਾਬੀ ਕਹਾਣੀ ਅਧਿਅਨ* ਪੁਸਤਕ ਵਿਚ ਇਕ ਲੇਖ ਵਰਿਆਮ ਸਿੰਘ ਸੰਧੂ ਦੀ ਪੁਸਤਕ *ਅੰਗ ਸੰਗ* ਬਾਰੇ ਸ਼ਾਮਲ ਹੈ। ਇਸ ਲੇਖ ਵਿਚ ਵਿਦਵਾਨ ਆਲੋਚਕ ਨੇ ਪੁਸਤਕ *ਅੰਗ ਸੰਗ* ਦਾ ਵਿਸਤ੍ਰਿਤ ਅਧਿਅਨ ਕਰਦਿਆਂ ਹੋਇਆ ਇਸ ਵਿਚ ਪੇਸ਼ ਕਿਸਾਨੀ ਜੀਵਨ ਤੇ ਪੰਜਾਬੀ ਕਹਾਣੀ ਦੇ ਪ੍ਰਸੰਗ ਵਿਚ ਵਰਿਆਮ ਸਿੰਘ ਸੰਧੂ ਦੀ ਕਹਾਣੀ ਕਲਾ ਬਾਰੇ ਚਰਚਾ ਕੀਤੀ ਹੈ।

ਡਾ. ਧਨਵੰਤ ਕੌਰ, *ਆਧੁਨਿਕ ਪੰਜਾਬੀ ਕਹਾਣੀ : ਬਿਰਤਾਂਤ ਸ਼ਾਸਤਰ ਅਧਿਐਨ,* 1994 :- ਇਸ ਪੁਸਤਕ ਵਿਚ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਬਾਰੇ 'ਦੁਖਾਂਤ ਵਿਅੰਗ ਦਾ ਸਿਰਜਣਹਾਰਾ' ਲੇਖ ਦਰਜ ਹੈ। ਇਸ ਲੇਖ ਵਿਚ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਬਾਰੇ ਚਰਚਾ ਕਰਦੇ ਹੋਏ ਉਸ ਦੀਆਂ ਕਹਾਣੀਆਂ ਦੀ ਵਿਲੱਖਣਤਾ ਕਿਸਾਨੀ ਦੇ ਦੁਖਾਂਤ ਨੂੰ ਚਿਤ੍ਰਣ ਵਿਚ ਨਿਹਿਤ ਕੀਤੀ ਗਈ ਹੈ। ਵਰਿਆਮ ਸਿੰਘ ਸੰਧੂ ਕਿਸਾਨੀ ਦੇ ਦੁਖਾਂਤ ਨੂੰ ਕਥਾਵਾਂ ਵਿਚ ਢਾਲਦਾ ਹੋਇਆ ਵਿਅੰਗ ਦੀ ਜੁਗਤ ਦੀ ਵਰਤੋਂ ਕਰਦਾ ਹੈ ਜਿਸ ਨਾਲ ਸਮੁੱਚੀ ਵਿਵਸਥਾ ਦਾ ਪਾਖੰਡ ਉਜਾਗਰ ਹੋ ਜਾਂਦਾ ਹੈ।

ਰਮਣੀਕ ਸੰਧੂ, *ਪੰਜਾਬੀ ਕਥਾ ਸੰਦਰਭ,* 2002 :- ਇਸ ਪੁਸਤਕ ਵਿਚ 'ਭੱਜੀਆਂ ਬਾਹੀਂ-ਪੁਨਰ ਮੁਲਾਂਕਣ' ਲੇਖ ਸ਼ਾਮਲ ਹੈ। ਇਸ ਲੇਖ ਵਿਚ ਇਸ ਪੁਸਤਕ ਵਿਚ ਸ਼ਾਮਲ ਕਹਾਣੀਆਂ ਬਾਰੇ ਵਿਚਾਰ-ਚਰਚਾ ਕਰਦਿਆਂ ਹੋਇਆ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚ ਪੇਸ਼ ਪੰਜਾਬ

ਸੰਕਟ, ਲੰਮੀ ਕਹਾਣੀ ਤੇ ਵਰਿਆਮ ਦੀ ਪੰਜਾਬੀ ਕਹਾਣੀ ਵਿਚ ਆਮਦ ਨਾਲ ਆਉਣ ਵਾਲੀਆਂ ਤਬਦੀਲੀਆਂ ਬਾਰੇ ਚਰਚਾ ਕੀਤੀ ਗਈ ਹੈ। ਵਿਦਵਾਨ ਲੇਖਿਕਾ ਦਾ ਮੁੱਖ ਜ਼ੋਰ ਵਰਿਆਮ ਸਿੰਘ ਸੰਧੂ ਨੂੰ ਇਕ ਵਿਲੱਖਣ ਕਹਾਣੀਕਾਰ ਤੇ ਇਕ ਨਵੀਂ ਪ੍ਰਵਿਰਤੀ ਵਾਲੇ ਲੇਖਕ ਦੇ ਰੂਪ ਵਿਚ ਸਥਾਪਿਤ ਕਰਨ ਉੱਪਰ ਹੈ।

ਰਮਣੀਕ ਸੰਧੂ, *ਗਲਪ ਸਮੀਖਿਆ,* 2003 :- ਇਸ ਪੁਸਤਕ ਵਿਚ 'ਪੰਜਾਬੀ ਕਹਾਣੀ ਤੇ ਵਰਿਆਮ ਸਿੰਘ ਸੰਧੂ' ਲੇਖ ਸ਼ਾਮਲ ਹੈ। ਇਸ ਲੇਖ ਵਿਚ ਪੰਜਾਬੀ ਕਹਾਣੀ ਦੇ ਵਿਕਾਸ ਬਾਰੇ ਚਰਚਾ ਕਰਦਿਆਂ ਹੋਇਆ ਇਸ ਵਿਚ ਵਰਿਆਮ ਸਿੰਘ ਸੰਧੂ ਦੀ ਦੇਣ ਤੇ ਸਥਾਨ ਨਿਸ਼ਚਿਤ ਕਰਨ ਦਾ ਯਤਨ ਕੀਤਾ ਗਿਆ ਹੈ।

ਪੁਸਤਕਾਂ ਤੇ ਸਾਹਿਤ ਦੇ ਇਤਹਾਸ ; ਜਿਨ੍ਹਾਂ ਵਿਚ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਨਾਲ ਸੰਬੰਧਿਤ ਸਮੱਗਰੀ/ਜਾਣਕਾਰੀ ਦਰਜ ਹੈ

ਵਰਿਆਮ ਸਿੰਘ ਸੰਧੂ ਪੰਜਾਬੀ ਦਾ ਮਹੱਤਵਪੂਰਣ ਕਹਾਣੀਕਾਰ ਹੈ। ਉਸ ਬਾਰੇ ਪੰਜਾਬੀ ਦੇ ਵੱਖ-ਵੱਖ ਵਿਦਵਾਨਾਂ ਨੇ ਨਿੱਠ ਕੇ ਵੀ ਅਧਿਐਨ ਕੀਤਾ ਹੈ ਤੇ ਪੰਜਾਬੀ ਕਹਾਣੀ ਦੇ ਵਿਕਾਸ ਤੇ ਨਵੀਆਂ ਪ੍ਰਵਿਰਤੀਆਂ ਬਾਰੇ ਗੱਲ ਕਰਦਿਆਂ ਵੀ ਉਸਦੀਆਂ ਕਹਾਣੀਆਂ ਬਾਰੇ ਚਰਚਾ ਕੀਤੀ ਹੈ। ਧਰਮਪਾਲ ਸਿੰਘ ਸਿੰਗਲ ਤੇ ਗੁਰਲਾਲ ਸਿੰਘ ਦੁਆਰਾ ਸੰਪਾਦਿਤ *ਆਧੁਨਿਕ ਪੰਜਾਬੀ ਕਹਾਣੀ* (1982) ਪੁਸਤਕ ਵਿਚ ਪੰਜਾਬੀ ਕਹਾਣੀਆਂ ਦੀਆਂ ਨਵੀਆਂ ਪ੍ਰਵਿਰਤੀਆਂ ਬਾਰੇ ਗੱਲ ਕਰਦਿਆਂ ਵਰਿਆਮ ਸਿੰਘ ਸੰਧੂ ਤੇ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਨੂੰ ਨਵੀਆਂ ਪ੍ਰਵਿਰਤੀਆਂ ਦੇ ਰੂਪ ਵਿਚ ਦਰਜ ਕੀਤਾ ਗਿਆ ਹੈ। ਬਲਦੇਵ ਸਿੰਘ ਧਾਲੀਵਾਲ ਨੇ ਆਪਣੀਆਂ ਪੁਸਤਕਾਂ *ਆਧੁਨਿਕ ਪੰਜਾਬੀ ਕਹਾਣੀ : ਦ੍ਰਿਸ਼ਟੀਮੂਲਕ ਪਰਿਪੇਖ* (1999), *ਪੰਜਾਬੀ ਕਹਾਣੀ ਦੀ ਇਕ ਸਦੀ : ਇਤਹਾਸ ਮੂਲਕ ਪ੍ਰਵਚਨ* (2002) ਤੇ *ਪੰਜਾਬੀ ਕਹਾਣੀ ਦਾ ਇਤਹਾਸ* (2006) ਵਿਚ ਵੀ ਵਰਿਆਮ ਸਿੰਘ ਸੰਧੂ ਦੀ ਪੰਜਾਬੀ ਕਹਾਣੀ ਨੂੰ ਦੇਣ ਤੇ ਉਸਦਾ ਪੰਜਾਬੀ ਕਹਾਣੀ ਵਿਚ ਸਥਾਨ

ਨਿਸ਼ਚਿਤ ਕਰਨ ਦੇ ਨਜ਼ਰੀਏ ਤੋਂ ਅਧਿਐਨ ਕੀਤਾ ਗਿਆ ਹੈ। ਰਜਿੰਦਰ ਸਿੰਘ ਕੰਬੋਜ ਦੀ ਪੁਸਤਕ *ਪੰਜਾਬੀ ਕਹਾਣੀ : ਕਿਸਾਨੀ ਦੇ ਹੋਂਦ ਮੂਲਕ ਸਰੋਕਾਰ* (2006) ਵਿਚ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ 'ਅੰਗ ਸੰਗ' ਤੇ 'ਆਪਣਾ ਆਪਣਾ ਹਿੱਸਾ' ਨੂੰ ਆਧਾਰ ਬਣਾ ਕੇ ਇਨ੍ਹਾਂ ਵਿਚ ਪੇਸ਼ ਕਿਸਾਨੀ ਜੀਵਨ ਦਾ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ। ਰਜਨੀਸ਼ ਬਹਾਦਰ ਸਿੰਘ ਦੀ ਪੁਸਤਕ *ਪੰਜਾਬੀ ਦਲਿਤ ਕਹਾਣੀ : ਆਧਾਰ ਤੇ ਅਧਿਐਨ* (2015) ਵਿਚ ਵਰਿਆਮ ਸਿੰਘ ਸੰਧੂ ਦੀ ਕਹਾਣੀ 'ਨੌਂ ਬਾਰਾਂ ਦਸ' ਵਿਚ ਪੇਸ਼ ਦਲਿਤ ਜੀਵਨ ਤੇ ਮਾਨਸਿਕਤਾ ਬਾਰੇ ਚਰਚਾ ਕੀਤੀ ਗਈ ਹੈ।

ਇਸ ਤਰ੍ਹਾਂ ਇਨ੍ਹਾਂ ਤਿੰਨ ਕਹਾਣੀ ਲੇਖਕਾਂ ਸੰਬੰਧੀ ਉਪਲਬਧ ਖੋਜ-ਕਾਰਜ ਦਾ ਅਧਿਐਨ ਕਰਨ ਤੋਂ ਬਾਅਦ ਅਸੀਂ ਇਸ ਸਿੱਟੇ 'ਤੇ ਪੁੱਜਦੇ ਹਾਂ ਕਿ ਇਹ ਤਿੰਨੇ ਹੀ ਲੇਖਕ ਪੰਜਾਬੀ ਕਹਾਣੀ ਦੇ ਖੇਤਰ ਵਿਚ ਅਹਿਮ ਸਥਾਨ ਰੱਖਦੇ ਹਨ ਤੇ ਪੰਜਾਬੀ ਕਹਾਣੀ ਨੂੰ ਅਜੋਕਾ ਮੁਹਾਂਦਰਾ ਦੇਣ ਵਿਚ ਮਹੱਤਵਪੂਰਣ ਯੋਗਦਾਨ ਪਾਉਂਦੇ ਹਨ। ਪੰਜਾਬੀ ਦੇ ਸਿਰਕੱਢ ਵਿਦਵਾਨਾਂ ਤੋਂ ਲੈ ਕੇ ਨਵੇਂ ਆਲੋਚਕਾਂ ਤੇ ਖੋਜ-ਵਿਦਿਆਰਥੀਆਂ ਨੇ ਵੀ ਇਨ੍ਹਾਂ ਦੀਆਂ ਕਹਾਣੀਆਂ ਦੇ ਵਿਭਿੰਨ ਪੱਖਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਪਰ ਤਿੰਨਾਂ ਦੀਆਂ ਕਹਾਣੀਆਂ ਵਿਚ ਪੇਸ਼ ਕਿਸਾਨੀ ਜੀਵਨ ਬਾਰੇ ਸਿਲਸਿਲੇਵਾਰ ਅਧਿਐਨ ਸੰਬੰਧੀ ਕੋਈ ਖੋਜ-ਕਾਰਜ ਨਹੀਂ ਹੋਇਆ, ਜਿਸ ਤੋਂ ਪੰਜਾਬੀ ਕਹਾਣੀ ਵਿਚ ਪੇਸ਼ ਕਿਸਾਨੀ ਜੀਵਨ, ਸਮਾਜ ਦੇ ਸਰੋਕਾਰਾਂ ਅਤੇ ਪੰਜਾਬੀ ਕਹਾਣੀ ਵਿਚ ਆਏ ਵਿਸ਼ੇਗਤ ਤੇ ਵਿਧਾਗਤ ਬਦਲਾਵਾਂ ਬਾਰੇ ਜਾਣਕਾਰੀ ਮਿਲਦੀ ਹੋਵੇ। ਇਸ ਲਈ ਹੱਥਲੇ ਖੋਜ-ਕਾਰਜ ਵਿਚ ਇਸ ਦ੍ਰਿਸ਼ਟੀ ਤੋਂ ਇਨ੍ਹਾਂ ਲੇਖਕਾਂ ਦੀਆਂ ਕਹਾਣੀਆਂ ਨੂੰ ਪੰਜਾਬੀ ਕਹਾਣੀ ਦੇ ਪ੍ਰਸੰਗ ਵਿਚ ਨਿਰਖਣ/ਪਰਖਣ ਦਾ ਯਤਨ ਕੀਤਾ ਜਾਵੇਗਾ।

✤✤✤✤✤